# ਯਾਦਾਂ ਦੀ ਖ਼ੁਸ਼ਬੋਈ

## ਸੰਗੀਤਕ ਕਾਵਿ-ਸੰਗ੍ਰਹਿ



ਗੁਰਬਚਨ ਸਿੰਘ ਲਾਡਪੁਰੀ

ਪਿੰਡ : ਲਾਡਪੁਰ

ਡਾਕ : ਭੰਗਾਲਾ (ਹੁਸ਼ਿਆਰਪੁਰ)

ਫ਼ੋਨ : 99145-33718

Emai : ladpurigs@yahoo.com

ਯਾਦਾਂ ਦੀ ਖ਼ੁਸ਼ਬੋਈ
ਗੁਰਬਚਨ ਸਿੰਘ ਲਾਡਪੁਰੀ

Yaddan Di Khushboi
Gurbachan Singh Ladpuri

Email : ladpurigs@yahoo.com

First Edition : March, 2009 (2000)

Printed at

*Price : Rs.  /-*

*Published by:*

# ਸਮਰਪਣ

ਮਹਾਨ

ਆਤਮਾਵਾਂ

ਨੂੰ

# ਪ੍ਰਕਾਸ਼ਨ ਮਨੋਰਥ

'ਯਾਦਾਂ ਦੀ ਖੁਸ਼ਬੋਈ' ਕਾਵਿ-ਸੰਗ੍ਰਹਿ ਦਾ ਮਨੋਰਥ ਹੈ ਕਿ ਇਸ ਰਾਹੀਂ ਅਸੀਂ ਆਪਣੇ ਬੀਤੇ ਹੋਏ ਅਮੀਰ ਸਿੱਖੀ ਦੇ ਸਰਮਾਏ ਨੂੰ ਯਾਦ ਕਰੀਏ, ਭਗਤਾਂ ਤੋਂ ਉਪਦੇਸ਼ ਲਈਏ, ਪਤਿਤਪੁਣੇ ਉੱਤੇ ਠੱਲ੍ਹ ਪਾਈਏ, ਨਸ਼ਿਆਂ ਦਾ ਨਾਤਾ ਛੱਡ ਕੇ ਦਸਮ ਪਿਤਾ ਦੇ ਸੰਦੇਸ਼ ਤੇ ਚਲ ਕੇ ਗੁਰੂ ਵਾਲੇ ਬਣੀਏ ਅਤੇ ਸ਼ਹੀਦਾਂ ਨੂੰ ਸੱਚੇ ਸ਼ਬਦਾਂ ਵਿੱਚ ਸ਼ਰਧਾਂਜ਼ਲੀ ਦਈਏ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦਸ਼ਾਂ ਉੱਤੇ ਫੁੱਲ ਚੜ੍ਹਾਈਏ ਅਤੇ ਜੀਵਨ ਦੀ ਅਸਲੀ ਰਾਹ ਨੂੰ ਅਪਨਾਈਏ।

# ਮੁੱਖ ਬੰਦ

ਪਿਆਰੇ ਪਾਠਕ ਜੀਓ,

ਮੈਨੂੰ ਆਪ ਜੀ ਦੀ ਸੇਵਾ ਹਿੱਤ ਆਪਣਾਂ ਦੂਜਾ ਕਾਵਿ-ਸੰਗ੍ਰਹਿ ''ਯਾਦਾਂ ਦੀ ਖੁਸ਼ਬੋਈ'' ਪੇਸ਼ ਕਰਨ ਵਿੱਚ ਅਤਿ ਮਾਣ ਅਨੁਭਵ ਹੋ ਰਿਹਾ ਹੈ। ਇਹ ਕਾਵਿ-ਸੰਗ੍ਰਹਿ ਨਿਰੋਲ ਧਾਰਮਿਕ ਹੈ। ਇਸ ਵਿੱਚ ਜਿੱਥੇ ਗੁਰੂ ਸਾਹਿਬਾਨ ਸੰਬੰਧੀ ਉਸਤਤ ਦੇ ਨਿਮਾਣੇ ਜਿਹੇ ਸ਼ਬਦ ਭੇਟ ਕੀਤੇ ਗਏ ਹਨ ਓਥੇ ਨਾਲ ਹੀ ਇਸ ਵਿੱਚ ਚਾਰ ਸਾਕੇ ਪੇਸ਼ ਕੀਤੇ ਗਏ ਹਨ। ਜਿਨ੍ਹਾਂ ਰਾਹੀਂ ਉਨ੍ਹਾਂ ਦੀ ਯਾਦ ਦੀ ਖੁਸ਼ਬੋਈ ਦੂਰ ਦੂਰ ਤੱਕ ਪੱਸਰੇਗੀ। ਅੱਜ ਜਦਕਿ ਸਾਡੀ ਅਗਲੀ ਪੀੜ੍ਹੀ ਕੇਵਲ 300 ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਆਪਣੀ ਵਿਰਾਸਤ ਨੂੰ ਭੁਲਦੀ ਜਾ ਰਹੀ ਹੈ ਅਤੇ ਪੱਛਮੀ ਸਭਿਤਾ ਦੇ ਪ੍ਰਭਾਵ ਹੇਠ ਆ ਕੇ ਆਪਣੀ ਸਭਿਤਾ ਤੋਂ ਦੂਰ ਜਾ ਰਹੀ ਹੈ, ਨਸ਼ਿਆਂ ਨੂੰ ਅਪਨਾ ਰਹੀ ਹੈ। ਉਸ ਤੋਂ ਮੇਰਾ ਰੋਕਣ ਲਈ ਇਹ ਤੁੱਛ ਜਿਹਾ ਇਕ ਯਤਨ ਹੈ। ਇਸ ਦੇ ਨਾਲ ਹੀ ਇਸ ਰਾਹੀਂ ਸਿੱਖੀ ਦੇ ਮਹਾਨ ਜਰਨੈਲਾਂ ਨੂੰ ਵੀ ਯਾਦ ਕੀਤਾ ਗਿਆ ਹੈ ਅਤੇ ਭਗਤਾਂ ਤੋਂ ਸਿੱਖਿਆ ਪ੍ਰਾਪਤੀ ਦਾ ਅੰਸ਼ ਵੀ ਅੰਕਿਤ ਕੀਤਾ ਗਿਆ ਹੈ। ਸਾਡੀ ਵਿਰਾਸਤ ਦੇ ਸੋਮਿਆਂ ਦਾ ਅੰਸ਼ ਵੀ ਉਘਾੜਿਆ ਗਿਆ ਹੈ।

ਇਹ ਸਭ ਕੁਝ ਮੇਰੀ ਕੇਵਲ ਇਕ ਮਹੀਨੇ ਦੀ ਹੀ ਪ੍ਰਾਪਤੀ ਹੈ। ਵਾਹਿਗੁਰੂ ਨੇ ਸ਼ਕਤੀ ਪ੍ਰਦਾਨ ਕੀਤੀ ਕਿ ਮੈਂ ਇਸ ਖ਼ਜ਼ਾਨੇ ਨੂੰ ਆਪਣੀ 68 ਸਾਲ ਦੀ ਉਮਰ ਵਿੱਚ ਪੇਸ਼ ਕੀਤਾ ਹੈ।

ਇਸ ਤੋਂ ਪਹਿਲਾਂ ਮੈਂ ਆਪਣਾ 'ਲਾਡਲੀਆਂ' ਨਾਂ ਦਾ ਕਾਵਿ-ਸੰਗ੍ਰਹਿ ਪੇਸ਼ ਕਰ ਚੁੱਕਿਆ ਹਾਂ। ਆਸ ਹੈ ਅੱਜ ਦੀ ਪੀਹੜੀ ਇਨ੍ਹਾਂ ਜੀਵਨ-ਜਾਚਾਂ ਨੂੰ ਅਪਨਾ ਕੇ ਆਪਣਾ ਸੰਸਾਰ ਵਿੱਚ ਆਉਣ ਦਾ ਮਨੋਰਥ ਪੂਰਾ ਕਰਨ ਦਾ ਯਤਨ ਕਰੇਗੀ।

ਜੇਕਰ ਆਪ ਜੀ ਵੱਲੋਂ ਕੋਈ ਸੁਝਾਅ ਆਉਂਦੇ ਹਨ ਤਾਂ ਮੈਂ ਖਿੜੇ ਮੱਥੇ ਉਨ੍ਹਾਂ ਨੂੰ ਸਵੀਕਾਰ ਕਰਕੇ ਆਉਂਦੇ ਸਮੇਂ ਵਿੱਚ ਆਪਣੀਆਂ ਤਰੁਟੀਆਂ ਨੂੰ ਦੂਰ ਕਰਨ ਦਾ ਯਤਨ ਕਰਾਂਗਾ।

ਆਪ ਦਾ ਹਿੱਤੂ

ਗੁਰਬਚਨ ਸਿੰਘ ਲਾਡਪੁਰੀ
ਪਿੰਡ : ਲਾਡਪੁਰ, ਡਾਕ: ਭੰਗਾਲਾ
ਬਰਾਸਤਾ ਮੁਕੇਰੀਆਂ, ਜ਼ਿਲ੍ਹਾ :ਹੁਸ਼ਿਆਰਪੁਰ
ਫੋਨ :99145-33718

# ਤਤਕਰਾ


| | |
|---|---|
| ਗੁਰੂ ਨਾਨਕ | 1 |
| ਗੁਰੂ ਚੇਲਾ | 3 |
| ਸਿੱਖੀ | 6 |
| ਵੰਗਾਰ | 7 |
| ਰੀਝ | 8 |
| ਪੁਕਾਰ ਧਰਤੀ ਪੰਜਾਬ ਦੀ | 9 |
| ਪ੍ਰਾਣ | 10 |
| ਵਾਰਿਸ | 11 |
| ਗੁਰੂ ਗ੍ਰੰਥ ਸਾਹਿਬ ਜੀ | 12 |
| ਦਸਮ ਪਿਤਾ ਦੀ ਸੇਧ | 13 |
| ਦਸ਼ਮੇਸ਼ ਪਿਤਾ | 15 |
| ਬੰਦਾ ਬਹਾਦਰ | 16 |
| ਹਰਿਮੰਦਰ ਸਾਹਿਬ | 17 |
| ਮਹਾਰਾਜਾ ਰਣਜੀਤ ਸਿੰਘ | 19 |
| ਚਮਕੌਰ ਦੀ ਜੰਗ | 21 |
| ਚਾਲੀ ਮੁਕਤੇ | 22 |
| ਭਗਤ ਰਵੀਦਾਸ | 23 |
| ਭਗਤ ਕਬੀਰ | 24 |
| ਦਸਮ ਪਿਤਾ | 25 |
| ਪੰਜ ਪਿਆਰੇ | 26 |
| ਨੌਵੇਂ ਪਾਤਸ਼ਾਹ ਦੀ ਸ਼ਹੀਦੀ | 27 |
| ਸ਼ਹੀਦੀ ਨੌਵੇਂ ਪਾਤਸ਼ਾਹ ਦੀ | 29 |
| ਕਲਗੀਧਰ ਮਾਛੀਵਾੜੇ | 30 |
| ਬਾਲ-ਗੁਰੂ ਦਾ ਉੱਤਰ | 31 |
| ਲੰਗਰ | 32 |
| ਗੁਰਤਾ ਗੱਦੀ ਦਾ ਸੰਦੇਸ਼ | 33 |
| ਗੁਰੂ ਹਰਿਗੋਬਿੰਦ | 35 |
| ਗੁਰੂ ਹਰਿਕ੍ਰਿਸ਼ਨ ਜੀ | 36 |
| ਵਾਹਿਗੁਰੂ ਨੂੰ | 37 |
| ਮਹਿਮਾ ਗੁਰੂ ਹਰ ਰਾਏ ਜੀ | 39 |
| ਆਨੰਦਪੁਰੀ | 40 |
| ਫਾਨੀ ਜੱਗ | 41 |
| ਸਿਦਕ | 42 |
| ਰਹਿਤ | 43 |
| ਰੱਬ | 44 |
| ਨਿੱਤਨੇਮ | 45 |
| ਰਹਿਮਤ | 46 |
| ਆਗਮਨ ਸ੍ਰੀ ਗੁਰੂ ਗੋਬਿੰਦ.... | 47 |
| ਅੰਮ੍ਰਿਤ ਵੇਲਾ | 48 |
| ਕਿਰਤ | 49 |
| ਮੁਫਤ ਖੋਰੇ | 50 |
| ਜੋਤ ਇਲਾਹੀ | 51 |
| ਬਾਬਾ ਬੁੱਢਾ ਜੀ | 52 |
| ਚਾਬੀ | 53 |
| ਸੇਵਾ ਸਿਮਰਨ | 54 |
| ਵਿਸਾਖੀ | 55 |
| ਖਾਲਸੇ ਦਾ ਰੰਗ | 57 |
| ਸਾਕਾ ਸ੍ਰੀ ਗੁਰੂ ਅਰਜਨ...... | 59 |
| ਸਾਕਾ ਬਾਬਾ ਦੀਪ ਸਿੰਘ ਜੀ | 69 |
| ਸਾਕਾ ਸਰਹੰਦ | 78 |
| ਸਾਕਾ ਛੋਟਾ ਘੱਲੂਘਾਰਾ | 86 |

# ਗੁਰੂ ਨਾਨਕ

ਗੁਰੂ ਨਾਨਕ ਤੇਰੀ ਮਹਿਮਾਂ ਦਾ, ਕਿੰਵ ਜੱਸ ਅਸੀਂ ਹਾਂ ਗਾ ਸਕਦੇ।
ਕਿਹੜੇ ਸ਼ਬਦਾਂ ਨਾਲ ਮਹਿਮਾਂ ਤੇ, ਵਡਿਆਈ ਅਸੀਂ ਸੁਣਾ ਸਕਦੇ।
ਇਸ ਘੋਰ ਤੂੰ ਕਲਜੁਗ ਵਿੱਚ ਆ ਕੇ, ਸੱਚ ਬੋਲਿਆ ਅਤੇ ਬੁਲਾ ਦਿੱਤਾ,
ਭੂਮੀ ਤੇ ਸੱਜਣ ਕੀਲ ਲਏ, ਕੌਡੇ ਨੂੰ ਰਸਤੇ ਪਾ ਦਿੱਤਾ।
ਤੂੰ ਤੇਰਾ ਤੇਰਾ ਤੋਲ ਤੋਲ, ਲੋਕਾਂ ਦੇ ਭਰੇ ਭੰਡਾਰੇ ਸਨ,
ਦੁੱਧ ਕਢਿਆ ਨੇਕ ਕਮਾਈ 'ਚੋਂ, ਵਦੀਆਂ ਚੋਂ ਖ਼ੂਨ ਚੁਆ ਦਿੱਤਾ।
ਲੋਕਾਂ ਨੂੰ ਸਿੱਧੇ ਰਸਤੇ ਪਾ, ਵਹਿਮਾਂ ਨੂੰ ਚਕਨਾ ਚੂਰ ਕੀਤਾ,
ਜਾ ਕੇ ਤੂੰ ਉੱਚ ਪਹਾੜਾਂ ਤੇ, ਸਿੱਧਾਂ ਦਾ ਕੁ.ਫ਼ਰ ਉਡਾ ਦਿੱਤਾ।
ਲੋਕੀਂ ਦਿੰਦੇ ਚੜ੍ਹਦੇ ਪਾਣੀ, ਤੂੰ ਲਹਿੰਦੇ ਵਲ ਮੂੰਹ ਕਰ ਆਪਣਾ,
ਦੇ ਪਾਣੀ ਆਪਣੇ ਖੇਤਾਂ ਨੂੰ, ਲੋਕਾਂ ਦਾ ਭਰਮ ਗੁਆ ਦਿੱਤਾ।
ਮੱਕੇ ਨੂੰ ਲੋਕੀਂ ਸਮਝਣ ਰੱਬ, ਇਹ ਭਰਮ ਗੁਆਇਆ ਲੋਕਾਂ ਦਾ,
ਉਨ੍ਹਾਂ ਮੱਕੇ ਵਲ ਪੈਰਾਂ ਨੂੰ ਕਰ, ਮੱਕੇ ਨੂੰ ਗੋਲ ਘੁਮਾ ਦਿੱਤਾ।
ਰਾਜੇ ਵੀ ਸੀਸ ਨਿਵਾਉਂਦੇ ਸਨ, ਸੱਪ ਛਾਵਾਂ ਕਰਦੇ ਸਿਰ ਉੱਤੇ,
ਬੰਗਾਲ ਚ, ਚਲਦੇ ਜਾਦੂ ਦਾ, ਉਨ੍ਹਾਂ ਭਾਂਡਾ ਹੀ ਭੰਨਵਾ ਦਿੱਤਾ।
ਜਿੱਥੇ ਵੀ ਨਾਨਕ ਪੈਰ ਧਰੇ, ਅੱਜ ਵੀ ਤਾਂ ਲੰਗਰ ਲਗਦੇ ਨੇ,
ਥਾਂ ਥਾਂ ਤੇ ਜਾ ਕੇ ਲੋਕਾਂ ਤੋਂ, ਆਹ ੴ ਕਹਾ ਦਿੱਤਾ।
ਸੱਚਾ ਆਹ ਸੌਦਾ ਕਰਨ ਲਈ, ਖਰਚੇ ਸਨ ਵੀਹ ਰੁਪਈਏ ਜੋ,
ਅੱਜ ਤੱਕ ਨਾਂਹ ਮੁੱਕਦੇ ਉਹ ਲੱਭਦੇ, ਐਸਾ ਭੰਡਾਰ ਬਣਾ ਦਿੱਤਾ।
ਪੰਡਤਾਂ ਦੇ ਘੋਰ ਪਖੰਡਾਂ ਤੋਂ, ਘੁੰਡ ਚੁੱਕਿਆ ਉਨ੍ਹਾਂ ਵਖਾਵੇ ਦਾ,
ਨੰਗੇ ਕਰ ਏਸ ਵਖਾਵੇ ਨੂੰ, ਲੋਕਾਂ ਦਾ ਭਰਮ ਗੁਆ ਦਿੱਤਾ।
ਤੇਰੇ ੴ ਦੇ ਮੰਤਰ ਨੇ, ਸੀ ਦੁਨੀਆਂ ਸਭ ਜਗਾ ਦਿੱਤੀ,
ਬਾਬਰ ਜਿਹੇ ਜ਼ਾਲਮ ਰਾਜੇ ਦਾ ਵੀ, ਚਲਦਾ ਮਾਣ ਗੁਆ ਦਿੱਤਾ।
ਤੇਰੀ ਮਹਿਮਾ ਦੇ ਗਾਣੇ ਅੱਜ, ਸਾਰਾ ਸੰਸਾਰ ਹੀ ਗਾਉਂਦਾ ਏ,



ਤੂੰ ਰਾਜੇ ਸੀਂਹ, ਮੁਕੱਦਮਾ ਨੂੰ, ਕੁੱਤੇ ਕਹਿ ਨਾਅਰਾ ਲਾ ਦਿੱਤਾ।
ਜੇ ਜ਼ੁਲਮਾਂ ਦੀ ਨ੍ਹੇਰੀ ਆਈ, ਸੀ ਜ਼ੁਲਮ ਕਰਨ ਲਈ ਕਾਬਲ ਤੋਂ,
ਤੂੰ ਰੱਬ ਨੂੰ ਉਹ ਵੀ ਰੋਕਣ ਦਾ, ਆਹ ਨਾਅਰਾ ਹਾਅ ਦਾ ਲਾ ਦਿੱਤਾ।
ਤੂੰ ਦਰਦਵੰਦਾਂ ਦਾ ਦਰਦੀ ਸੀ, ਦਰਦਾਂ ਦੀ ਪੀੜ ਤੇਰੀ ਡਾਢੀ,
ਤੂੰ ਦਰਦ ਦੇਸ਼ ਦਾ ਆਪਣੇ ਜਾ, ਸਤਿਗੁਰ ਦੇ ਤਾਈਂ ਸੁਣਾ ਦਿੱਤਾ।
ਤੇਰੀ ਮਹਿਮਾ ਦਾ ਲਾਡਪੁਰੀ, ਜੱਸ ਗਿਣ ਗਿਣ ਕੇ ਵੀ ਮੁਕਦਾ ਨਹੀਂ,
ਤੁਸਾਂ ਘੁੱਪ ਹਨ੍ਹੇਰੇ ਦੇ ਵਿੱਚ ਵੀ, ਇਕ ਚਾਨਣ ਨਵਾਂ ਚੜ੍ਹਾ ਦਿੱਤਾ।

# ਗੁਰ ਚੇਲਾ

ਧਰਤੀ ਏਸ ਪੰਜਾਬ ਦੀ, ਇਕ ਸੂਰਾ ਆਇਆ।
ਬੱਬਰ ਸ਼ੇਰ ਪੰਜਾਬ ਦਾ, ਪੰਜਾਬਣ ਜਾਇਆ।
ਪਟਨੇ ਦੀ ਇਸ ਧਰਤ ਦਾ, ਉਸ ਭਾਗ ਜਗਾਇਆ।
ਡਰਦਾ ਉਸਤੋਂ ਨੱਸਿਆ, ਜ਼ੁਲਮਾਂ ਦਾ ਛਾਇਆ।
ਮੋਢੇ ਉਤੇ ਚੁੱਕ ਲਈ, ਉਸ ਤੀਰ ਕੁਮਾਨੀ।
ਕੱਠੀ ਕੀਤੀ ਓਸਨੇ, ਬਾਲਾਂ ਦੀ ਢਾਣੀ।
ਘੜੇ ਚੁੱਕੇ ਪਨਹਾਰੀਆਂ, ਸੀ ਸਿਰ ਤੇ ਭਾਰੇ।
ਗੋਬਿੰਦ ਰਾਏ ਤੇ ਸਾਥੀਆਂ, ਉਹ ਵਿੰਨ੍ਹ ਤੇ ਸਾਰੇ।
ਜੇ ਕੋਈ ਮਾਤਾ ਸਾਮ੍ਹਣੇ, ਕੋਈ ਲੂਤੀ ਲਾਉਂਦੀ।
ਮਾਤਾ ਗੁਜਰੀ ਉਨ੍ਹਾਂ ਨੂੰ, ਗਾਗਰ ਦਿਲਵਾਉਂਦੀ।
ਨੌਂ ਵਰ੍ਹੇ ਇੰਜ ਬੀਤ ਗਏ, ਅਨੰਦਪੁਰ ਧਾਏ।
ਵਿੱਚ ਪੁਰੀ, ਕਸ਼ਮੀਰ ਦੇ, ਤਦ ਪੰਡਿਤ ਆਏ।
ਆ ਕੇ ਕੀਤੀ ਉਨ੍ਹਾਂ ਨੇ, ਸੀ ਇੰਜ ਅਰਜ਼ੋਈ।
ਹਿੰਦੂ ਕੌਮ ਅੱਜ ਹੋ ਗਈ ਏ, ਦਰਦ ਪਲੋਈ।
ਔਰੰਗਾ ਅਜ ਬਾਦਸ਼ਾਹ, ਕਿੰਵ ਜ਼ੁਲਮ ਕਰਾਵੇ।
ਬੱਚਾ ਬੱਚਾ ਦੇਸ਼ ਦਾ ਮੁਸਲਿਮ ਬਣਵਾਵੇ।
ਸਤਿਗੁਰਾਂ ਤਾਈਂ ਉਦਾਸੀਆਂ, ਵਿੱਚ ਬੈਠੇ ਪਾ ਕੇ।
ਬਾਲ ਗੋਬਿੰਦ ਨੇ ਪੁੱਛਿਆ, ਤੱਕ ਕਾਰਣ ਆ ਕੇ।
ਕਹਿੰਦੇ ਐਸਾ ਮਹਾਂਪੁਰਖ ਉਹ ਕੌਣ ਕਹਾਵੇ।
ਦਿੱਲੀ ਦੇ ਵਿੱਚ ਜਾ ਕੇ, ਜੋ ਸੀਸ ਕਟਾਵੇ।
ਕਿਹਾ ਪਿਤਾ ਜੀ ਜ਼ੁਲਮ ਦਾ, ਕਰੋ ਪਾਰ ਉਤਾਰਾ।
ਮਹਾਂਪੁਰਖ ਨਾਂਹ ਆਪ ਤੋਂ, ਕੋਈ ਵੱਡਾ ਭਾਰਾ।
ਬੱਚੇ ਦੀ ਗੱਲ ਸੁਣ ਕੇ, ਉਹ ਰੋਹ ਵਿੱਚ ਆਏ।



ਦਿੱਲੀ ਵੱਲ ਨੂੰ ਸਤਿਗੁਰਾਂ, ਤਦ ਚਾਲੇ ਪਾਏ।
ਕਹਿੰਦੇ ਕਰਨੀ ਜ਼ੁਲਮ ਦੀ, ਹੁਣ ਖਤਮ ਕਹਾਣੀ,
ਦੇਸ਼ ਦੀ ਖ਼ਾਤਿਰ ਉਨ੍ਹਾਂ ਨੇ, ਜਾ ਸੀਸ ਕਟਾਏ।
ਗੋਬਿੰਦ ਰਾਏ ਨੇ ਅੱਸੀ ਹਜ਼ਾਰ, ਸੰਗਤ ਮੰਗਵਾਈ।
ਖੰਡਾ ਫੜ ਕੇ ਉਨ੍ਹਾਂ ਨੇ, ਇੰਜ, ਹੇਕ ਲਗਾਈ।
ਲੋੜ ਪਈ ਸਿਰ ਇੱਕ ਦੀ, ਕਿਹੜਾ ਅੱਜ ਆਵੇ?
ਸੀਸ ਆਪਣਾ ਖੰਡੇ ਦੀ, ਜੋ ਭੇਟ ਚੜ੍ਹਾਵੇ।
ਇੱਕ ਇੱਕ ਕਰਕੇ ਪੰਜ ਉਨ੍ਹਾਂ, ਤੰਬੂ ਵਿੱਚ ਵਾੜੇ।
ਤਦ ਪੰਜੇ ਹੀ ਸਾਮ੍ਹਣੇ, ਸੰਗਤ ਖਲ੍ਹਿਆਰੇ।
ਅੱਜ ਤੋਂ ਪੰਜਾਂ ਵਿੱਚ ਹੀ ਏ ਜਾਨ ਇਹ ਮੇਰੀ,
ਇਹ ਨੇ ਮੇਰੇ ਅੱਜ ਤੋਂ, ਆਹ ਪੰਜ ਪਿਆਰੇ।
ਅੰਮ੍ਰਿਤ ਬਾਟਾ ਵੰਡ ਕੇ, ਉਨ੍ਹਾਂ ਪੰਥ ਸਜਾਇਆ।
ਛਕਿਆ ਅੰਮ੍ਰਿਤ ਉਨ੍ਹਾਂ ਤੋਂ, ਸਭ ਨੂੰ ਵਰਤਾਇਆ।
ਓਦੋਂ ਤੋਂ ਹੀ ਰਾਏ ਤੋਂ, ਸਭ ਸਿੰਘ ਕਹਾਉਂਦੇ,
ਸ਼ੇਰਾਂ ਦਾ ਉਸ ਕਾਲਜਾ, ਸਿੰਘਾਂ ਵਿੱਚ ਪਾਇਆ।
ਧੌਂਸ ਨਗ਼ਾਰੇ ਵੱਜ ਗਏ, ਖੰਡੇ ਖੜਕਾਏ।
ਘੋੜੇ, ਹਾਥੀ ਸੂਕਦੇ, ਡੇਰੇ ਵਿੱਚ ਆਏ।
ਜੋ ਵੀ ਆਇਆ ਸਾਮ੍ਹਣੇ, ਇਕ ਖਿਨ ਨ ਅੜਿਆ,
ਏਨੇ ਨਾਲ ਬਹਾਦਰ, ਖੰਡੇ ਸੀ ਵਾਹੇ।
ਨਿੱਘਰੀ ਹਿੰਦੂ ਕੌਮ ਵਿੱਚ, ਉਹ ਸ਼ਕਤੀ ਪਾਈ,
ਚਿੜੀਆਂ ਹੱਥੋਂ ਉਨ੍ਹਾਂ ਨੇ, ਸੀ ਬਾਜ਼ ਤੁੜਾਏ।
ਵਿੱਚ ਗੜ੍ਹੀ ਚਮਕੌਰ ਦੀ, ਉਹ ਜੋਸ਼ ਸੀ ਭਰਿਆ।
ਸਵਾ ਲੱਖ ਦੇ ਨਾਲ ਸੀ, ਇੱਕੋ ਹੀ ਲੜਿਆ।
ਪੁੱਤਰ ਆਪਣੇ ਉਨ੍ਹਾਂ ਨੇ, ਨ ਕੀਤੇ ਪਿਆਰੇ।

ਚਾਰੇ ਪੁੱਤਰ ਦੇਸ਼ ਕੌਮ ਦੀ, ਖ਼ਾਤਿਰ ਵਾਰੇ।
ਸਿੰਘਾਂ ਵਿੱਚੋਂ ਮੌਤ ਦਾ ਭੈਅ, ਇੰਜ ਉਡਾਇਆ।
ਨ ਪੋਂਹਦੇ ਸਨ ਸਿੰਘਾਂ ਨੂੰ ਹੁਣ, ਰੰਬੀਆਂ ਆਰੇ।
ਆਉਂਦੇ ਸਮੇਂ 'ਚ ਪੰਥ ਨੇ, ਉਹ ਜੌਹਰ ਵਖਾਏ,
ਮੁਗਲ ਦੇਸ਼ ਚੋਂ ਕੱਢ ਤੇ, ਸਾਰੇ ਦੇ ਸਾਰੇ।
ਲਾਡਪੁਰੀ ਹਿੰਦ ਦੇਸ਼ ਦਾ ਸੀ, ਪੁਰਖ ਅਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ।



# ਸਿੱਖੀ

ਸਿੱਖੀ ਨੂੰ ਤੋੜ ਨਿਭਾਉਣੇ ਲਈ, ਤਾਂ ਸਿਦਕ ਨਿਭਾਉਣਾ ਪੈਂਦਾ ਏ।
ਆਹ ਸ਼ਮਾਂਹ ਤੇ ਵਾਂਗ ਪਤੰਗਿਆਂ ਦੇ, ਆਪਾ ਤੜਪਾਉਣਾ ਪੈਂਦਾ ਏ।

.........................................................................................

ਬਾਣਾ ਵੀ ਪਾਉਣਾ ਸੌਖਾ ਏ, ਸਤਨਾਮ ਕਹਾਉਣਾ ਸੌਖਾ ਏ।
ਆਰੇ ਦੇ ਤੇਜ਼ ਆਹ ਦੰਦਿਆਂ ਤੇ, ਪਰ ਤਨ ਚਿਰਵਾਉਣਾ ਔਖਾ ਏ।
ਜੇ ਜ਼ੁਲਮ ਦੀ ਨ੍ਹੇਰੀ ਤੇਜ਼ ਚਲੇ, ਬੰਦ ਬੰਦ ਕਟਵਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ...........................।

ਭੋਰਾ ਭੋਰਾ ਇਹ ਰੋਟੀ ਖਾ, ਭੁੱਖਣ ਭਾਣੇ ਜੀਣਾ ਪੈਂਦਾ।
ਤੇ ਸਵਾ ਮਣ ਆਪਣੇ ਹੱਥੀਂ, ਚੱਕੀਆਂ ਤੇ ਹੈ ਪੀਹਣਾਂ ਪੈਂਦਾ।
ਇਨ੍ਹਾਂ ਬਾਲਾਂ ਦਾ ਟੋਟਾ ਟੋਟਾ, ਝੋਲੀ ਵਿੱਚ ਪਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ...........................।

ਚੜ੍ਹ ਉਪਰ ਚਰੱਖੜੀ ਵੈਰੀ ਦੀ, ਵੀ ਤਨ ਪਿੜਵਾਇਆ ਜਾਂਦਾ ਏ।
ਨੇਜ਼ੇ ਤੇ ਚੜ੍ਹਕੇ ਵੈਰੀ ਦੇ, ਸਤਨਾਮ ਬੁਲਾਇਆ ਜਾਂਦਾ ਏ।
ਸਿੱਖੀ ਦੀ ਸ਼ਾਨ ਬਚਾਉਣ ਲਈ, ਕੰਧੀਂ ਚਿਣਵਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ...........................।

ਇਹ ਬਿਨਾ ਸਿਰਾਂ ਤੋਂ ਧੜ ਲੜਦੇ, ਇਹਦਾ ਵਧਦਾ ਅੱਗੇ ਪੈਰ ਸਦਾ।
ਤੇ ਸਿਦਕ ਏਸ ਦਾ ਗਹਿਣਾ ਏਂ, ਜ਼ੁਲਮਾਂ ਦੇ ਨਾਲ ਏ ਵੈਰ ਸਦਾ।
ਚਲਦੇ ਜੰਗ ਦੇ ਵਿੱਚ ਵੈਰੀ ਦੇ ਵੀ, ਮਰ੍ਹੱਮ ਲਗਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ...........................।

ਉਬਲਣਾ ਦੇਗਾਂ ਵਿੱਚ ਪੈਂਦਾ, ਘਰ ਘਾਟ ਨਹੀਂ ਅਪਨਾਈਦੇ।
ਕਿਤੇ ਸਿਦਕ ਅਸਾਡਾ ਨਾਂਹ ਡੋਲੇ, ਜੈਕਾਰੇ ਗੱਜ ਗੱਜ ਲਾਈਦੇ।
ਰੰਬੀਆਂ ਦੇ ਨਾਲ ਤਾਂ ਲਾਡਪੁਰੀ ਖੋਪਰ ਵੀ ਲੁਹਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ...........................।

# ਵੰਗਾਰ

ਦਸ਼ਮੇਸ਼ ਪਿਤਾ ਦਾ ਸਿੱਖ ਅੱਜ ਤਾਂ, ਕਿਹੜੀ ਰੀਝਾਂ ਤੇ ਭੁਲ੍ਹ ਚੱਲਿਆ।
ਅਜੇ ਤਿੰਨ ਸੌ ਸਾਲ ਹੀ ਬੀਤੇ ਨੇ, ਦਸ਼ਮੇਸ਼ ਦੇ ਕਾਰੇ ਭੁੱਲ ਚੱਲਿਆ।
ਦਸ਼ਮੇਸ਼ ਨੇ ਭਾਰਤ ਦੀ ਖਾਤਿਰ, ਆਪਣਾਂ ਪਰਿਵਾਰ ਲੁਟਾ ਛੱਡਿਆ।
ਆਪਣੇ ਚਾਰੇ ਪੁੱਤਰਾਂ ਤੱਕ ਨੂੰ, ਉਸ ਕੌਮ ਲਈ ਦਾਅ ਤੇ ਲਾ ਛੱਡਿਆ।
ਨਿੱਘਰੀ ਹੋਈ ਹਿੰਦੂ ਕੌਮ ਦੇ ਵਿੱਚ, ਅਣਖੀਲਾ ਖ਼ੂਨ ਜਗਾ ਛੱਡਿਆ।
ਤੇ ਸਵਾ ਲੱਖ ਵੈਰੀ ਦੇ ਨਾਲ, ਸੀ ਇਕੋ ਸਿੰਘ ਲੜਾ ਛੱਡਿਆ।
ਭੁੱਲ ਉਸ ਦੇ ਕਾਰੇ ਕਿੰਵ ਵੇਖੋ, ਅਜ ਸਿੱਖ ਕਿੱਧਰ ਨੂੰ ਜਾ ਰਹੇ ਨੇ।
ਦਾੜ੍ਹੀ ਤੇ ਕੇਸ ਕਟਾ ਕੇ ਇਹ, ਇਨ੍ਹਾਂ ਨਸ਼ਿਆਂ ਨੂੰ ਅਪਨਾ ਰਹੇ ਨੇ।
ਸਭਿਅਤਾ ਪੈਰਾਂ ਵਿੱਚ ਰੋਲ ਦਿੱਤੀ, ਲੱਚਰ ਗਾਣੇ ਇਹ ਗਾ ਰਹੇ ਨੇ।
ਇੱਜ਼ਤ ਆਪਣੀ ਸੰਸਾਰ ਦੇ ਵਿੱਚ, ਸ਼ਰ੍ਹੇਆਮ ਨੀਲਾਮ ਕਰਾ ਰਹੇ ਨੇ।
ਆਦਰਸ਼ ਓਸ ਦਾ ਭੁੱਲ ਬੈਠੇ, ਇਹ ਕੂੜ ਦਾ ਖਟਿਆ ਖਾ ਰਹੇ ਨੇ।
ਤੇ ਹੱਥੀਂ ਕਿਰਤ ਇਹ ਕਰਨੇ ਦੀ, ਤਾਂ ਦਿਨ ਦਿਨ ਰੀਤ ਭੁਲਾ ਰਹੇ ਨੇ।
ਅੱਜ ਦਾਨ ਕਰਾਉਂਣਾ ਭੁੱਲ ਬੈਠੇ, ਇਹ ਹੱਕ ਪਰਾਏ ਖਾ ਰਹੇ ਨੇ।
ਦੂਜੇ ਨੂੰ ਲੁੱਟਣ ਦੀ ਖ਼ਾਤਿਰ, ਇਹ ਕੁੰਡੀਆਂ ਥਾਂ ਥਾਂ ਲਾ ਰਹੇ ਨੇ।
ਕਦੇ ਹਮਲਾਵਰ ਬਦੇਸ਼ੀ ਤੋਂ, ਭਾਰਤ ਦੀ ਇੱਜ਼ਤ ਬਚਾਉਂਦੇ ਸਨ।
ਦੁਸ਼ਮਣ ਦੀ ਕੈਦੋਂ ਕੱਢ ਕੁੜੀਆਂ, ਕਦੀ ਘਰ ਘਰ ਵਿੱਚ ਪਹੁੰਚਾਉਂਦੇ ਸਨ।
ਅੱਜ ਗੱਭਰੂ ਇਸ ਦੇ ਆਪਣੀ ਹੀ, ਇੱਜ਼ਤ ਤੇ ਡਾਕਾ ਲਾਉਂਦੇ ਨੇ।
ਸੱਜਣ ਤੇ ਕੌਡੇ ਰਾਕਸ਼ ਜਹੇ, ਇਹ ਕਾਰੇ ਰੋਜ਼ ਕਰਾਉਂਦੇ ਨੇ।
ਅੱਜ ਦੇ ਪੈਸੇ ਦੀ ਦੌੜਾਂ ਵਿੱਚ, ਪਿੱਛੇ ਨਹੀਂ ਰਹਿਣਾ ਚਾਹੁੰਦੇ ਨੇ।
ਆਪਣੀ ਆਉਂਦੀ ਪੀੜ੍ਹੀ ਨੂੰ ਵੀ, ਇਹ ਪੁੱਠੇ ਰਸਤੇ ਪਾਉਂਦੇ ਨੇ।
ਸਾਧਾਂ ਪਾਖੰਡੀਆਂ ਦੇ ਡੇਰੇ, ਜਾ ਕੇ ਇਹ ਸੇਵਾ ਕਰਦੇ ਨੇ।
ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਉਹ, ਕਿੰਵ ਪੈਰ ਭੇਖੀ ਦੇ ਫੜਦੇ ਨੇ।
ਸਰ੍ਹੇਆਮ ਸ਼ਰਾਬਾਂ ਪੀਂਦੇ ਨੇ, ਸ਼ਰ੍ਹੇਆਮ ਇਹ ਨਾਚ ਨਚਾਉਂਦੇ ਨੇ।
ਤੇ ਹੁੱਲੜ ਬਾਜ਼ੀ ਕਰਕੇ ਇਹ, ਆਪਣਾ ਹੀ ਘਾਣ ਕਰਾਉਂਦੇ ਨੇ।
ਕਈ ਪੰਥ ਦੇ ਦੋਖੀ ਮੇਟਣ ਲਈ, ਫੁੱਟ ਦਾ ਵਿੱਚ ਬੀਜ ਪੁਆ ਰਹੇ ਨੇ।
ਇਸ ਨੂੰ ਤਾਂ ਅੱਡ ਅੱਡ ਕਰਨੇ ਦੀ, ਉਹ ਨਵੀਂ ਵਿਉਂਤ ਬਣਾ ਰਹੇ ਨੇ।
ਓ ਪੰਥ-ਸੇਵਕੋ ਜਾਣ ਲਵੋ, ਨੀਯਤ ਉਸ ਦੀ ਪਹਿਚਾਣ ਲਵੋ।
ਦੋ ਫਾੜ ਹੋਣ ਤੋਂ ਪਹਿਲਾਂ ਹੀ, ਇਸ ਪੰਥ ਚ, ਪਾ ਕੁਝ ਜਾਨ ਲਵੋ।



ਦਸ਼ਮੇਸ਼ ਦੀ ਸ਼ਕਤੀ ਨੂੰ ਜੇਕਰ, ਸੁਰਜੀਤ ਕਰਾਉਣਾ ਚਾਹੁੰਦੇ ਹੋ।
ਦੁਸ਼ਮਣ ਦੀ ਤੇਜ਼ ਇਸ ਖੰਜਰ ਤੋਂ, ਜੇ ਪੰਥ ਬਚਾਉਣਾ ਚਾਹੁਦੇ ਹੋ।
ਆਦਰਸ਼ ਤੁਹਾਨੂੰ ਦਸਮ ਪਿਤਾ, ਵਾਲਾ ਅਪਨਾਉਣਾ ਪੈਣਾ ਏਂ।
ਲਾਹਨਤ ਦੀ ਸਭ ਬਿਮਾਰੀਆਂ ਨੂੰ, ਤਾਂ ਦੂਰ ਭਜਾਉਣਾ ਪੈਣਾ ਏਂ।
ਦਸ਼ਮੇਸ਼ ਪਿਤਾ ਦੇ ਵਾਂਗੂੰ ਹਰ ਸਿੱਖ, ਸਾਣ ਤੇ ਲਾਉਣਾ ਪੈਣਾਂ ਏਂ।
ਇੰਵ ਲਾਡਪੁਰੀ ਰੁੜ੍ਹਦਾ ਜਾਂਦਾ, ਇਹ ਪੰਥ ਬਚਾਉਣਾ ਪੈਣਾ ਏ।

# ਰੀਝ

ਦੁਨੀਆਂ ਇਹ ਸਾਰੀ ਰੁੱਸ ਜਾਏ,
ਮੇਰਾ ਰੁੱਸੇ ਨਾਂਹ ਉਹ ਬਾਜਾਂ ਵਾਲਾ।
ਜੱਗ ਰੁੱਸ ਜਾਵੇ ਸਾਰਾ, ਮੈਨੂੰ ਗ਼ਮ ਨਹੀਂ ਕੋਈ।
ਪਰ ਤੇਰੇ ਬਾਝੋਂ ਗੁਰੂ, ਮੈਨੂੰ ਕਿਧਰੇ ਨਹੀਂ ਢੋਈ।
ਤੂੰ ਤੇ ਹਰ ਥਾਈਂ ਮੇਰਾ ਰਖਵਾਲਾ।
ਦੁਨੀਆਂ ਇਹ ਸਾਰੀ.................।
ਤੇਰੇ ਦਰ ਤੋਂ ਸੁਆਲੀ, ਕਦੀ ਗਿਆ ਨਾਂਹ ਕੋਈ ਖਾਲੀ।
ਭਰੇਂ ਸਭ ਦੀ ਤੂੰ ਝੋਲੀ, ਸਾਰੀ ਦੁਨੀਆਂ ਦਾ ਵਾਲੀ।
ਤੇਰੇ ਹੱਥ ਮੇਰੀ ਜ਼ਿੰਦਗੀ ਦਾ ਤਾਲਾ।
ਦੁਨੀਆਂ ਇਹ ਸਾਰੀ.................।
ਤੇਰੇ ਸਦਾ ਗੁਣ ਗਾਂਵਾਂ, ਪੰਜੇ ਰਹਿਤਾਂ ਨੂੰ ਨਿਭਾਵਾਂ।
ਤੇਰਾ ਨਾਮ ਮੈਂ ਧਿਆਵਾਂ, ਇਨ੍ਹਾਂ ਬੋਲਾਂ ਨੂੰ ਪੁਗਾਵਾਂ।
ਲਾਡਪੁਰੀ ਜਪੇ ਤੇਰੇ ਨਾਂ ਦੀ ਮਾਲਾ।
ਦੁਨੀਆਂ ਇਹ ਸਾਰੀ.................।

# ਪੁਕਾਰ ਧਰਤੀ ਪੰਜਾਬ ਦੀ

ਮੈਂ ਧਰਤੀ ਪੰਜਾਬ ਪੁਕਾਰਾਂ
ਮੈਂ ਧਰਤੀ ਪੰਜਾਬ ਪੁਕਾਰਾਂ, ਦਸਮ ਪਿਤਾ ਮੁੜ ਆ।
ਭੀੜ ਤੇਰੇ ਇਸ ਪੰਥ ਤੇ ਆ ਗਈ, ਵਤਨੀਂ ਫੇਰਾ ਪਾ।

.....................................................................................

ਪੰਥ ਜਾਏ ਮੁੜ ਮੇਰੀ ਹਿੱਕ ਤੇ, ਰਹਿਤਾਂ ਭੁੱਲ ਗਏ ਨੇ।
ਕੇਸ ਦਾੜ੍ਹੀਆਂ ਕੱਟਦੇ ਫਿਰਦੇ, ਐਬੀ ਬਣ ਗਏ ਨੇ।
ਅੰਮ੍ਰਿਤ ਦਾ ਪਾਹੁਲ ਇਕ ਵੇਰਾਂ, ਮੁੜ ਕੇ ਦਿਓ ਛਕਾ।
ਭੀੜ ਤੇਰੇ ਇਸ ਪੰਥ.........................।

ਕੂੜ ਦੀ ਜਾਣ ਕਮਾਈ ਖਾਂਦੇ, ਜ਼ਰਦੇ ਮੂੰਹ ਵਿੱਚ ਪਾਉਂਦੇ।
ਭੇਖੀਆਂ ਤੇ ਪਖੰਡੀਆਂ ਦੇ, ਡੇਰੇ ਜਾ ਖੱਲ ਲਹਾਉਂਦੇ।
ਕੂੜ ਦੀ ਚੇਟਕ ਤੋਂ ਦਾਤਾ, ਮੁੜ ਆ ਕੇ ਫੇਰ ਹਟਾ।
ਭੀੜ ਤੇਰੇ ਇਸ ਪੰਥ.........................।

ਕਰਨੀ ਕਿਰਤ ਤੇ ਵੰਡ ਕੇ ਖਾਣਾ, ਇਹ ਸੀ ਤੁਸਾਂ ਸਿਖਾਇਆ।
ਪਾਪ ਦੀ ਅੱਜ ਇਹ ਖੱਟੀ ਖਾਂਦਾ, ਮੇਰੀ ਕੁੱਖ ਦਾ ਜਾਇਆ।
ਕਿਰਤ ਕਰਨ ਤੇ ਵੰਡ ਖਾਣ ਦੀ, ਜਾਚ ਤੂੰ ਮੁੜ ਸਿਖਾ।
ਭੀੜ ਤੇਰੇ ਇਸ ਪੰਥ.........................।

ਤੇਰੇ ਵੇਲੇ ਇਸ ਹਿੱਕ ਤੇ, ਲਗਦੇ ਸਨ ਲੰਗਰ ਸਾਰੇ।
ਤੱਕ ਚੜ੍ਹਾਵਾ ਵੇਚ ਰਹੇ, ਅੱਜ ਸੇਵਕ ਗੁਰਦੁਆਰੇ।
ਸੋਝੀ ਦੇ ਕੇ ਇਨ੍ਹਾਂ ਨੂੰ ਲੰਗਰ, ਲਾਉਣ ਦਾ ਚਸਕਾ ਪਾ।
ਭੀੜ ਤੇਰੇ ਇਸ ਪੰਥ.........................।



ਮੋਹ ਪੰਥ ਦਾ ਭੁਲਦੇ ਜਾਂਦੇ, ਆਕੀ ਹੋ ਗਏ ਭਾਰੀ।
ਘੇਰ ਲਿਆ ਮੁੜ ਜਾਪੇ ਇਸਨੂੰ, ਫੁੱਟ ਦੀ ਉਹੀ ਬਿਮਾਰੀ।
ਪੰਥ ਲਈ ਜੂਝਣ ਦਾ ਤੂੰ, ਏਕੇ ਦਾ ਪਾਠ ਪੜ੍ਹਾ।
ਭੀੜ ਤੇਰੇ ਇਸ ਪੰਥ.........................।

ਮੁੱਕ ਚੱਲਿਆ ਕਿਰਦਾਰ ਇਨ੍ਹਾਂ ਦਾ, ਸਾਹ ਸੱਤ ਇਨ੍ਹਾਂ ਗੁਆਈ।
ਕੁੱਖ ਮੇਰੀ ਦੀ, ਮੇਰੀ ਧੀ, ਅੱਜ ਬਣਦੀ ਜਾਏ ਪਰਾਈ।
ਇੱਜ਼ਤ ਦਿੱਤੀ ਲਾਡਪੁਰੀ, ਇਸ ਹੋਰਾਂ ਹੱਥ ਫੜਾ।
ਭੀੜ ਤੇਰੇ ਇਸ ਪੰਥ.........................।

# ਪ੍ਰਾਣ

ਦਿਲ ਦੀ ਕਿਸੇ ਡੂੰਘਾਈ ਦੇ ਵਿੱਚ, ਪ੍ਰਾਣ ਤਾਂ ਸਾਡੇ ਹਨ ਸਮਾਏ।
ਅੱਜ ਤਕ ਜਾਣ ਨ ਸਕਿਆ ਕੋਈ, ਕਿੱਥੇ ਇਸ ਨੇ ਡੇਰੇ ਲਾਏ।
ਜਦ ਤੱਕ ਸਾਹ ਨੇ ਸਾਡੇ ਅੰਦਰ, ਨੇੜੇ ਢੁੱਕ ਢੁੱਕ ਸਾਰੇ ਬਹਿੰਦੇ,
ਪਲ ਵਿੱਚ ਜਦ ਇਹ ਨਿੱਕਲ ਜਾਂਦੇ, ਹੋ ਜਾਂਦੇ ਹਾਂ ਅਸੀਂ ਪਰਾਏ।
ਸਾਹਾਂ ਦੇ ਸਿਰ ਇਹ ਇਨਸਾਨ ਤਾਂ, ਦੂਜੇ ਨੂੰ ਸੀ ਟਿੱਚ ਜਾਣਦਾ,
ਪ੍ਰਾਣ ਹੁੰਦਿਆਂ ਘੱਟ ਨਹੀਂ ਕੀਤੀ, ਇਸ ਧਰਤੀ ਤੇ ਮਾਂ ਦੇ ਜਾਏ।
ਸਿਮਰਨ ਆ ਕੇ ਏਥੇ ਭੁੱਲਿਆ, ਐਬਾਂ ਇਸ ਨੂੰ ਘੇਰਾ ਪਾਇਆ,
ਉਸ ਨੂੰ ਕਦੀ ਵੀ ਯਾਦ ਨਾਂਹ ਕੀਤਾ, ਜਿਸਨੇ ਸਾਹ ਸੱਤ ਇਸ ਵਿੱਚ ਪਾਏ।
ਸਾਹ ਲੈ ਕੇ ਜਦ ਜੱਗ ਵਿੱਚ ਆਇਆ, ਮਾਪੇ ਕਿੰਵ ਸਨ ਖੁਸ਼ੀ ਮਨਾਂਦੇ,
ਮਿਲਣ ਵਧਾਈਆਂ ਹਰ ਪਾਸੋਂ ਹੀ, ਮਾਂ ਨੇ ਸੌ ਸੌ ਸ਼ਗਨ ਮਨਾਏ।
ਸਾਹ ਜਦ ਨਿਕਲੇ ਇਸ ਵਿਚੋਂ ਤਾਂ, ਅੱਜ ਪਰਾਇਆ ਇਹ ਬਣ ਬੈਠਾ,
ਆਂਢ ਗੁਆਂਢੀ ਕੱਠੇ ਹੋ ਗਏ, ਵੈਣ ਸਾਰਿਆਂ ਮਿਲ ਕੇ ਪਾਏ।
ਨਿੱਤ ਗੁਣ ਗਾਣ ਕਰੋ ਮਾਲਿਕ ਦਾ, ਦੂਜੇ ਦਾ ਨਾਂਹ ਮਨ ਦੁਖਾਉ।
ਆਉਂਦੇ ਦੀ ਨਾਂਹ ਖੁਸ਼ੀ ਮਨਾਉ, ਜਾਂਦੇ ਦਾ ਨਾਂਹ ਸੋਗ ਮਨਾਉ।
ਸੇਵਾ ਸਿਮਰਨ ਕਰ ਲੌਂ ਪਲ ਪਲ, ਹੱਥੀਂ ਆਪਣੀ ਦਾਨ ਵੀ ਕਰ ਲੌਂ,
ਲਾਡਪੁਰੀ ਜਿੰਨਾਂ ਚਿਰ ਸਾਹ ਏ, ਉਸ ਮਾਲਿਕ ਦਾ ਹੀ ਗੁਣ ਗਾਉ।

# ਵਾਰਿਸ (ਮਹਿੰਮਾ ਗੁਰੂ ਅੰਗਦ ਦੇਵ ਜੀ)

ਗੁਰੂ ਨਾਕ ਤੇਰੀ ਗੱਦੀ ਦਾ, ਵਾਰਿਸ ਅਜ਼ਮਾਇਆ ਜਾਂਦਾ ਏ।
ਉਸ ਨੂੰ ਟਣਕਾਇਆ ਜਾਂਦਾ ਏ, ਤੇ ਸਾਣ ਤੇ ਲਾਇਆ ਜਾਂਦਾ ਏ।

.................................................................................................

ਜਦ ਪੁੱਠੀ ਨਜ਼ਰ ਤੇਰੀ ਪੈਂਦੀ, ਪੁੱਤਰ ਵੀ ਨਜ਼ਰੋਂ ਲਾਹ ਦੇਵੇਂ।
ਜੇ ਨਜ਼ਰ ਸਵੱਲੀ ਹੋ ਜਾਵੇ, ਲਹਿਣੇ ਤੋਂ ਅੰਗਦ ਬਣਾ ਦੇਵੇਂ।
ਖੋਟੇ ਤੇ ਖਰੇ ਨੂੰ ਪਰਖਣ ਲਈ, ਪਰਚਾ ਵੀ ਪਾਇਆ ਜਾਦਾ ਏ।
ਗੁਰੂ ਨਾਨਕ ਤੇਰੀ ਗੱਦੀ ਦਾ.............।

ਗੁਰੂ ਅੰਗਦ ਅਗੋਂ ਵਾਰਿਸ ਲਈ, ਇਸ ਰੀਤ ਨੂੰ ਤੋੜ ਚੜ੍ਹਾਇਆ ਸੀ।
ਗੁਰੂ ਘਰ ਦੀ ਸੇਵਾ ਦੀ ਖਾਤਿਰ, ਗੁਰੂ ਅਮਰਦਾਸ ਅਪਨਾਇਆ ਸੀ।
ਕੌਤਕ ਨ ਦਸਣਾ ਜੱਗ ਉੱਤੇ, ਇਸਨੂੰ ਅਪਨਾਇਆ ਜਾਂਦਾ ਏ।
ਗੁਰੂ ਨਾਨਕ ਤੇਰੀ ਗੱਦੀ ਦਾ.............।

ਹਮਾਇਊ ਮੰਗਣ ਸੀ ਰਾਜ ਆਇਆ, ਉਹਦਾ ਸਬਰ ਪਰਖ ਤੇ ਲਾ ਦਿੱਤਾ।
ਉਹ ਕਾਹਲਾ ਪਿਆ ਤਾਂ ਗੁਰੂ ਅੰਗਦ, ਉਸ ਨੂੰ ਵੀ ਸਬਕ ਸਿਖਾ ਦਿੱਤਾ।
ਸੇਵਾ ਸਿਮਰਨ ਤੇ ਕਿਰਤਾਂ ਦਾ, ਆਹ ਪਾਠ ਪੜ੍ਹਾਇਆ ਜਾਂਦਾ ਏ।
ਗੁਰੂ ਨਾਨਕ ਤੇਰੀ ਗੱਦੀ ਦਾ.............।

ਊੜੇ ਤੋਂ ੜਾੜੇ ਤਕ ਲਿੱਪੀ ਪੰਜਾਬੀ ਲਈ ਬਣਵਾ ਦਿੱਤੀ।
ਤੇ ਇਸ ਲਿੱਪੀ ਵਿੱਚ ਬਾਣੀ ਵੀ, ਉਨ੍ਹਾਂ ਘਰ ਘਰ ਵਿੱਚ ਪਹੁੰਚਾ ਦਿੱਤੀ।
ਅਜ ਬਾਣੀ ਉਨ੍ਹਾਂ ਦੀ ਮਿੱਠੀ ਨੂੰ, ਘਰ ਘਰ ਵਿੱਚ ਗਾਇਆ ਜਾਂਦਾ ਏ।
ਗੁਰੂ ਨਾਨਕ ਤੇਰੀ ਗੱਦੀ ਦਾ.............।

ਏਥੇ ਊਚ ਨੀਚ ਦਾ ਭੇਤ ਨਹੀਂ, ਦਾਨੀ ਦੀ ਕਦਰ ਵੀ ਪੈਂਦੀ ਏ।
ਹਰ ਵੱਡੇ ਛੋਟੇ ਦੇ ਮਸਤਕ ਤੇ, ਨਾਮ ਖੁਮਾਰੀ ਰਹਿੰਦੀ ਏ।
ਸਰਬੱਤ ਦਾ ਭਲਾ ਤਾਂ ਲਾਡਪੁਰੀ ਹਰ ਰੋਜ਼ ਜਪਾਇਆ ਜਾਂਦਾ ਏ।
ਗੁਰੂ ਨਾਨਕ ਤੇਰੀ ਗੱਦੀ ਦਾ.............।



# ਗੁਰੂ ਗ੍ਰੰਥ ਸਾਹਿਬ ਜੀ

ਗੁਰੂ ਇਹ ਗ੍ਰੰਥ, ਦਸ ਗੁਰੂਆਂ ਦੀ, ਸ਼ਕਤੀ ਇਕ ਨਿਰਾਲੀ ਹੈ,
ਭਗਤਾਂ ਦੀ ਇਹ ਬਾਣੀ ਦਾ ਵੀ ਵਿੱਚ, ਲੁਕਿਆ ਖਜ਼ਾਨਾ ਏਂ।
ਇਹ ਹੈ ਗਿਆਨ ਦੀ ਕੁੰਜੀ, ਕੁਦਰਤੀ ਭੇਤ ਜਾਨਣ ਲਈ,
ਤੇ ਇਨਸਾਂ ਨੂੰ ਜਗਾਉਣੇ ਲਈ, ਤਾਂ ਗੁੱਝਾ ਇਹ ਤਰਾਨਾ ਏਂ।
ਇਹਦੇ ਹਰ ਸ਼ਬਦ ਵਿੱਚ, ਕਹਿਰਾਂ ਦਾ ਗੁੱਝਾ ਭੇਤ ਲੁਕਿਆ ਏ,
ਇਹਦੇ ਉਪਦੇਸ਼ ਅਪਨਾਉ, ਤਾਂ ਅਸਲੀ ਰਾਹ ਵਿਖਾ ਦੇਵੇ।
ਇਹ ਡੁੱਬਦੇ ਨੂੰ ਬਚਾਅ ਦੇਵੇ, ਸਹਾਰਾ ਬੇਸਹਾਰੇ ਲਈ,
ਤੇ ਜੀਵਨ ਭਟਕਦੇ ਨੂੰ ਇਹ ਤਾਂ, ਸਿੱਧੇ ਰਾਹ ਤੇ ਪਾ ਦੇਵੇ।
ਇਹਦੀ ਇੱਕ ਇੱਕ ਤਰੱਨਮ ਵਿੱਚ ਇਹ ਕੁਦਰਤ ਦੀ ਫਿਜ਼ਾ ਗੂੰਜੇ,
ਇਹਦੀ ਹਰ ਗੂੰਜ ਵਿੱਚ, ਕੁਦਰਤ ਦਾ ਗੁੱਝਾ ਉਹ ਨਜ਼ਾਰਾ ਏ।
ਚਪੇੜਾਂ ਪੈਂਦੀਆਂ ਵਿੱਚੋਂ ਨੇ, ਝੂਠੇ ਤੇ ਫ਼ਰੇਬੀ ਨੂੰ,
ਤੇ ਸਮਝਣ ਵਾਲਿਆਂ ਦੇ ਲਈ ਤਾਂ, ਇੱਕ ਗੁੱਝਾ ਇਸ਼ਾਰਾ ਏ।
ਕਿਰਤ ਕਰਨੀ ਤੇ ਵੰਡ ਖਾਣਾ, ਸਿਖਾਉਂਦਾ ਰੱਬ ਨੂੰ ਜਪਣਾ,
ਭਲਾ ਸਭ ਬੰਦਿਆਂ ਦਾ ਮੰਗੀਏ, ਤੇ ਦਾਨ ਵੀ ਕਰੀਏ।
ਦੁਖੀਆਂ ਬੇਸਹਾਰਾ ਬੰਦਿਆਂ ਦੀ ਸੇਵ ਕਰ ਕਰ ਕੇ,
ਦਯਾ ਤੇ ਪਿਆਰ ਦੀ ਦਾਤਾਂ, ਨਾਂ ਝੋਲੀ ਓਸਦੀ ਭਰੀਏ।
ਸਚਾਈ ਦਾ ਮੁਜੱਸਮ ਏਂ, ਤੇ ਜੀਵਨ ਜਾਚ ਏ ਇਸ ਵਿੱਚ,
ਅਸਲ ਜੀਵਣ ਜੀਊਣੇ ਦਾ ਤਾਂ ਰਸਤਾ ਇਹ ਵਿਖਾਉਂਦਾ ਏ।
ਮਜ਼੍ਹਬ ਤੇ ਕੌਮ ਦੀ ਵੰਡੀਆਂ ਨੂੰ, ਰੋਕਣ ਲਈ ਇਹ ਗੁਰ ਗੁੱਝਾ,
ਤਾਂਹੀਓ ਇਕ ਇਹ ਓਂਕਾਰ ਦਾ ਨਾਅਰਾ ਲਗਾਉਂਦਾ ਏ।
ਤੂੰ ਬੰਦਿਆ ਰੱਖ ਲੈ ਇਕ ਓਟ ਏਸੇ ਦੇ ਸਹਾਰੇ ਤੇ,
ਜੇ ਜੀਵਨ ਆਪਣਾ, ਰੁਲਦਾ ਭਟਕਦਾ ਤੂੰ ਬਚਾਉਣਾ ਹੈ।
ਲਾਡਪੁਰੀ ਜ਼ਿੱਲਤ ਘੋਰ, ਪਾਪਾਂ ਦੀ ਚੋਂ ਕੱਢਣ ਲਈ,
ਜੀਵਨ ਸ.ਫਲ ਆਪਣਾ ਏਸ ਦੇ ਰਾਹੀਂ ਬਨਾਉਣਾ ਹੈ।

# ਦਸਮ ਪਿਤਾ ਦੀ ਸੋਧ

ਵਾਹ ਦਸਮੇਸ਼ ਤੇਰੇ ਜਹੇ ਕਾਰੇ, ਕੌਣ ਕਰਾ ਸਕਦਾ।
ਨਿੱਘਰੀ ਹਿੰਦੂ ਕੌਮ ਨੂੰ ਸੀ, ਦੱਸ ਕੌਣ ਜਗਾ ਸਕਦਾ।
ਪਿਤਾ ਵਾਰਿਆ ਦੇਸ਼ ਲਈ, ਸਰਬੰਸ ਲੁਟਾ ਦਿੱਤਾ।
ਜ਼ੁਲਮਾਂ ਦਾ ਇਸ ਦੇਸ਼ ਚੋਂ ਕਿੰਵ, ਉਸ ਨਾਸ਼ ਕਰਾ ਦਿੱਤਾ।
ਹਿੰਦੂ ਕੌਮ ਨੂੰ ਰੁੜ੍ਹਨੋਂ ਤਾਂ ਬਸ, ਤੂੰ ਹੀ ਬਚਾਇਆ ਸੀ।
ਜਬਰ ਜ਼ੁਲਮ ਦਾ ਜੂਲਾ ਤਾਂ ਬਸ ਤੂੰ ਹੀ ਲੁਹਾਇਆ ਸੀ।
ਦੀਨਾ ਤੇ ਦੁਖੀਆਂ ਦਾ ਇੱਕੋ ਤੂੰ ਰਖਵਾਲਾ ਸੀ।
ਜ਼ੁਲਮਾਂ ਦੇ ਨ੍ਹੇਰੇ ਦਾ ਜਾਣੋਂ ਕਿਵੇਂ ਉਜਾਲਾ ਸੀ।
ਭਗਤੀ ਸ਼ਕਤੀ ਦੋਹਾਂ ਦਾ ਰੰਗ, ਕਿਵੇਂ ਸੁਹਾਉਂਦਾ ਸੀ।
ਤਾਂਈਓਂ ਤਾਂ ਤੂੰ ਬਾਦਸ਼ਾਹ ਦਰਵੇਸ ਸਦਾਉਂਦਾ ਸੀ।
ਦੇਸ਼ ਦੇ ਕੋਨੇ ਕੋਨੇ ਦੇ ਵਿੱਚ ਹੇਕ ਲਗਾਈ ਤੂੰ।
ਗੜ੍ਹੀ ਅਨੰਦਪੁਰ ਅੱਸੀ ਹਜ਼ਾਰ ਸੰਗਤ ਮੰਗਵਾਈ ਤੂੰ।
ਸਿਰ ਲੈ ਉਨ੍ਹਾਂ ਚੋਂ ਪੰਜ ਪਿਆਰੇ ਕਿੰਵ ਬਣਾ ਦਿੱਤੇ।
ਗਿੱਦੜਾਂ ਦੇ ਵਿੱਚ ਸਿੰਘਾਂ ਦੇ ਤੂੰ ਜੇਰੇ ਪਾ ਦਿੱਤੇ।
ਅੰਮ੍ਰਿਤ ਦਾ ਬਾਟਾ ਵੰਡ ਕੇ ਕੋਈ ਜੋਤ ਜਗਾ ਦਿੱਤੀ।
ਦੁਸ਼ਮਣ ਦੇ ਸੰਗ ਜੂਝਣ ਦੀ ਉਸ ਜਾਚ ਸਿਖਾ ਦਿੱਤੀ।
ਸਭਨਾਂ ਅੰਮ੍ਰਿਤ ਛਕਿਆ, ਪਾਹੁਲ ਉਨ੍ਹਾਂ ਤੋਂ ਪਾਇਆ ਸੀ।
ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਕੇ ਦਿਖਲਾਇਆ ਸੀ।
ਨਿੱਘਰੀ ਹਿੰਦੂ ਕੌਮ 'ਚ ਐਸੀ ਅਣਖ ਜਗਾ ਦਿੱਤੀ।
ਜਾਬਰ ਹਾਕਮ ਵੇਲੇ ਦੀ ਉਸ ਨੀਂਦ ਉਡਾ ਦਿੱਤੀ।
ਭੁੱਖਣ ਭਾਣੇ ਚਾਲੀ ਸਿੱਖ ਦਸ ਲੱਖ ਦਾ ਘੇਰਾ ਸੀ।
ਸਾਰੀ ਦੁਨੀਆਂ ਤੋਂ ਜੂਝਣ ਦਾ ਵੱਖਰਾ ਜੇਰਾ ਸੀ।
ਸਵਾ ਲੱਖ ਵੈਰੀ ਦੇ ਨਾਲ ਸੀ ਇੱਕ ਲੜਾ ਛੱਡਿਆ।
ਵੈਰੀ ਦਾ ਚਮਕੌਰ ਗੜ੍ਹੀ ਕਿੰਝ ਘਾਣ ਕਰਾ ਛੱਡਿਆ।
ਚਮਕੌਰ ਗੜ੍ਹੀ ਤੋਂ ਜਾਂਦੇ ਵੀ ਜੈਕਾਰਾ ਲਾਇਆ ਸੀ।
ਦੁਸ਼ਮਣ ਨੂੰ ਵੰਗਾਰਨ ਲਈ ਉਸ ਨਾਦ ਵਜਾਇਆ ਸੀ।
''ਚਲਿਆ ਦਸਮ ਗੁਰੂ'' ਇਹ ਕਹਿ ਸੀ ਹੇਕਾਂ ਮਾਰ ਰਿਹਾ।



ਖੜ੍ਹ ਕੇ ਦਸ ਲੱਖ ਵੈਰੀ ਦੇ ਸਾਹਵੇਂ ਲਲਕਾਰ ਰਿਹਾ।
ਜੱਗ ਤੋਂ ਵੱਖਰਾ ਹੀ ਉਸ ਤਾਂ ਇਤਿਹਾਸ ਬਣਾ ਦਿੱਤਾ।
ਇਸ ਧਰਤੀ ਤੋਂ ਜਬਰ ਜ਼ੁਲਮ ਦਾ ਨਾਸ਼ ਕਰਾ ਦਿੱਤਾ।
ਵਾਹੁ ਵਾਹੁ ਗੋਬਿੰਦ ਸਿੰਘ ਵਾਹੁ ਇਕ ਅਕੇਲਾ ਤੂੰ।
ਆਪੇ ਗੁਰੂ ਗੋਬਿੰਦ ਸਿਘ ਆਪੇ ਗੁਰ ਚੇਲਾ ਤੂੰ।
ਭੁੱਲ ਦਸਮੇਸ਼ ਦੇ ਕਾਰੇ ਤਾਂ ਕਈ ਬਣੇ ਮਦਾਰੀ ਅੱਜ।
ਭੁੱਲ ਬੈਠੇ ਓ ਸਿੰਘੋ ਨਲੂਏ ਦੀ ਸਰਦਾਰੀ ਅੱਜ।
ਔਹ ਦਸ਼ਮੇਸ਼ ਪਿਤਾ ਮੁੜਕੇ ਫਿਰ ਵਾਜਾਂ ਮਾਰ ਰਿਹਾ।
ਸਿੰਘਾ ਤੇਰੀ ਗ਼ੈਰਤ ਨੂੰ ਤੱਕ ਕਿੰਵ ਲਲਕਾਰ ਰਿਹਾ।
ਨਸ਼ਿਆਂ ਦੀ ਇੱਲਤ ਨੇ ਤੇਰੀ ਹੋਸ਼ ਉਡਾ ਦਿੱਤੀ।
ਪੱਛਮੀ ਸਭਿਅਤਾ, ਤੇਰੀ ਸਭਿਅਤਾ ਨਾਸ਼ ਕਰਾ ਦਿੱਤੀ।
ਤਿੰਨ ਸੌ ਸਾਲਾਂ ਵਿੱਚ ਭੁੱਲਿਆਂ ਦਸਮੇਸ਼ ਦੇ ਕਾਰੇ ਤੂੰ।
ਕੇਸ ਕਟਾ ਕੇ ਡਿਗਦਾਂ ਵਿੱਚ ਨਸ਼ਿਆਂ ਦੇ ਗਾਰੇ ਨੂੰ।
ਨਸ਼ੇ ਤੇ ਪਤਿਤਪੁਣਾ ਛੱਡ, ਰੁੜ੍ਹਦੀ ਸਾਂਭ ਜੁਆਨੀ ਨੂੰ।
ਕਿਉਂ ਭੁੱਲ ਚਲਿਆਂ, ਦਸਮ ਪਿਤਾ ਦੀ ਪਿਰਤ ਪੁਰਾਣੀ ਨੂੰ।
ਫੇਰ ਤੁਸੀਂ ਦਸ਼ਮੇਸ਼ ਪਿਤਾ ਦੇ ਸਿੰਘ ਕਹਾ ਸਕਦੇ।
ਲਾਡਪੁਰੀ ਰੁੜ੍ਹਦਾ ਜਾਦਾ ਇੰਜ ਪੰਥ ਬਚਾ ਸਕਦੇ।

# ਦਸ਼ਮੇਸ਼ ਪਿਤਾ

ਲੈ ਪਈ ਪ੍ਰਗਟਿਆ ਮਰਦ ਅਕੇਲਾ,
ਦੇਸ਼ ਨੂੰ ਬਚਾਉਣ ਦੇ ਲਈ।
ਆਪੇ ਗੁਰੂ ਆਪੇ ਬਣਿਆ ਏ ਚੇਲਾ,
ਜ਼ੁਲਮ ਮੁਕਾਉਣ ਦੇ ਲਈ।

..........................................................................................

ਬਾਦਸ਼ਾਹ ਔਰੰਗੇ ਜਦੋਂ ਤੇਗ ਲਲਕਾਰੀ ਸੀ।
ਇਸਲਾਮ ਵਾਲੀ ਉਹਨੂੰ ਚੜ੍ਹ, ਗਈ ਖੁਮਾਰੀ ਸੀ।
ਰੂਪ ਦੇਸ਼ਾ ਦਾ ਸੀ ਬਣਿਆ ਕਰੇਲਾ।
ਦੇਸ਼ ਨੂੰ ਬਚਾਉਣ ਦੇ................।

ਕਸ਼ਮੀਰੀ ਪੰਡਤ ਇਹ ਇੰਜ ਸੀ ਸੁਣਾਈ ਜਾਂਦੇ।
ਜ਼ੁਲਮਾਂ ਦੇ ਨ੍ਹੇਰ ਨੇ ਔਰੰਗੇ ਹੋਰੀਂ ਪਾਈ ਜਾਂਦੇ।
ਕਿਹਾ ਪਿਤਾ ਤਾਈਂ ਕਰੋ ਨਾਂਹ ਕਵੇਲਾ।
ਦੇਸ਼ ਨੂੰ ਬਚਾਉਣ ਦੇ................।

ਖੰਡਿਆਂ ਦੀ ਧਾਰ ਉੱਤੇ ਖਾਲਸਾ ਸਜਾਇਆ ਉਨ੍ਹਾਂ।
ਸਵਾ ਸਵਾ ਲੱਖ ਨਾਲ ਇਕ ਨੂੰ ਲੜਾਇਆ ਉਨ੍ਹਾਂ।
ਉਹਨੂੰ ਜਿੱਤਣਾਂ ਸੀ ਹੋ ਗਿਆ ਦੁਹੇਲਾ।
ਦੇਸ਼ ਨੂੰ ਬਚਾਉਣ ਦੇ................।

ਕੰਡਿਆਂ ਦੇ ਉੱਤੇ ਪੈਰ ਨੰਗੇ ਆਹ ਟਿਕਾਏ ਕੌਣ।
ਵਾਰ ਪਰਵਾਰ ਸਾਰਾ ਦੇਸ਼ ਨੂੰ ਬਚਾਏ ਕੋਣ।
ਡੰਕਾ ਲਾਡਪੁਰੀ ਮਾਰਿਆ ਨਵੇਲਾ।
ਦੇਸ਼ ਨੂੰ ਬਚਾਉਣ ਦੇ................।



# ਬੰਦਾ ਬਹਾਦਰ

ਧਰਤੀ ਨਾਂਦੇੜ ਦੀਏ, ਤੇਰੇ ਵਾਰੇ ਅੱਜ ਨਿਆਰੇ।
ਦਸ਼ਮੇਸ਼ ਪਿਤਾ ਆ ਗਏ, ਤੇਰੇ ਦਰ ਤੇ ਤਾਰਨ-ਹਾਰੇ।

..........................................................................................

ਮਾਧੋ ਨਾਂ ਦਾ ਬੰਦਾ, ਹੈ ਸੀ ਬੈਠਾ ਏਸ ਦੁਆਰੇ।
ਅੱਖਾਂ ਵਿੱਚ ਰੋਅਬ ਇਵੇਂ, ਜਿਉਂ ਮਘਦੇ ਸਨ ਕੋਈ ਅੰਗਿਆਰੇ।
ਬੰਦਾ ਸਿੰਘ ਨਾਂ ਰੱਖ ਕੇ ਸਤਿਗੁਰ ਭਾਗ ਉਹਦੇ ਨਿਸਤਾਰੇ।
ਧਰਤੀ ਨਾਂਦੇੜ ਦੀਏ................।
ਸਿੰਘਾਂ ਨੇ ਜਿੱਤਣ ਲਈ, ਸੀ ਸੋਨੀਪਤ ਮੁੱਢ ਬਣਾਇਆ।
ਉਨ੍ਹਾਂ ਸ਼ਾਹੀ ਖ਼ਜ਼ਾਨੇ ਨੂੰ, ਸੀ ਕੈਥਲ ਦੇ ਨੇੜ ਲੁਟਾਇਆ।
ਸੁਨਾਮ, ਸੁਢੌਰਾ ਤੇ, ਰੋਪੜ, ਵਿੱਚ ਉਸ ਸੀ ਲੱਖਾਂ ਮਾਰੇ।
ਧਰਤੀ ਨਾਂਦੇੜ ਦੀਏ................।
ਸਰਹੰਦ ਜਿਸ ਥਾਂ ਤੇ, ਸੂਬੇ ਸਾਹਿਬਜ਼ਾਦੇ ਚਿਣਵਾਏ।
ਉਨ੍ਹਾਂ ਚੱਪੜਚੇੜੀ ਵਿੱਚ ਉਨ੍ਹਾਂ ਦੇ ਤੂੰਬੇ ਖੂਬ ਉਡਾਏ।
ਉਨ੍ਹਾਂ ਲਾਸ਼ ਸੂਬੇ ਦੀ ਨੂੰ, ਰੁੱਖੀਂ ਟੰਗਿਆ ਇੱਲਾਂ ਸਹਾਰੇ।
ਧਰਤੀ ਨਾਂਦੇੜ ਦੀਏ................।
ਸੀ ਹਰ ਕੋਈ ਮਾਝੇ, ਦੁਆਬੇ ਦਾ, ਬੰਦਾ ਬੰਦੇ ਤੋਂ ਡਰਦਾ।
ਹੁਣ ਸਤਿਗੁਰ ਦਾ ਸਿੱਕਾ, ਹੈ ਸੀ ਦੂਰ ਦੂਰ ਤੱਕ ਚਲਦਾ।
ਤਦ ਸਿੱਖ ਹਕੂਮਤ ਦੇ ਵੱਜ ਗਏ ਸਾਰੇ ਧੌਂਸ ਨ਼ਗਾਰੇ।
ਧਰਤੀ ਨਾਂਦੇੜ ਦੀਏ................।
ਗੁਰਦਾਸ ਨੰਗਲ ਦੀ ਧਰਤੀ ਤੇ ਫਿਰ ਘਿਰ ਗਏ ਸਿੰਘ ਪਿਆਰੇ।
ਫਿਰ ਵੀ ਸੰਘਾਂ ਨੇ ਵੈਰੀ ਨੂੰ, ਸਨ ਦੱਸੇ ਹੱਥ ਕਰਾਰੇ।
ਜਦ ਮੁਗਲ ਗੜ੍ਹੀ ਪੁੱਜੇ, ਓਦੋਂ ਦੋ ਸੌ ਸਨ ਇਹ ਸਾਰੇ।
ਧਰਤੀ ਨਾਂਦੇੜ ਦੀਏ................।
ਧੰਨ ਸਿੰਘ ਸੂਰਮੇ ਸਨ, ਜਿਨ੍ਹਾਂ ਨੇ ਦਿੱਤੀ ਤਦ ਕੁਰਬਾਨੀ।
ਨਾਂਹ ਉਨ੍ਹਾਂ ਜਿਹਾ ਹੋਇਆ, ਨਾਂਹ ਕੋਈ ਹੋਣਾ ਅੱਜ ਤੱਕ ਸਾਨੀ।
ਕਿਉਂ ਲਾਡਪੁਰੀ ਨ ਯਾਦ ਰਹਿਣ ਅੱਜ, ਬੰਦੇ ਦੇ ਇਹ ਕਾਰੇ।
ਧਰਤੀ ਨਾਂਦੇੜ ਦੀਏ................।

# ਹਰਿਮੰਦਰ ਸਾਹਿਬ

ਗੁਰੂ ਰਾਮਦਾਸ ਤੇਰੀ ਸ਼ੋਭਾ ਦਾ ਅੰਤ ਕਿਸੇ ਨਾਂਹ ਪਾਇਆ ਏ।
ਸਾਡੇ ਲਈ ਗੁਰੂ ਗ੍ਰੰਥ ਸਾਹਿਬ, ਰਾਗਾਂ ਦੇ ਵਿੱਚ ਬਣਾਇਆ ਏ।

..........................................................................................

ਬੀਬੀ ਭਾਨੀ ਦੀ ਧਰਤੀ ਤੇ, ਧਰਤੀ ਦਾ ਸੁਰਗ ਬਣਾ ਦਿੱਤਾ।
ਦੁਨੀਆਂ ਦੇ ਸੱਤ ਅਜੂਬਿਆਂ ਵਿੱਚ, ਇਸ ਦਾ ਅੱਜ ਨਾਂ ਲਿਖਵਾ ਦਿੱਤਾ।
ਇਸ ਸੁਰਗ ਨੂੰ ਤੱਕਣ ਲਈ ਦੂਰੋਂ ਦੂਰੋਂ, ਅੱਜ ਹਰ ਕੋਈ ਆਇਆ ਏ।
ਗੁਰੂ ਰਾਮਦਾਸ ਤੇਰੀ.............।

ਲੰਗਰ ਦੀ ਪ੍ਰਥਾ ਨਿਰਾਲੀ ਏ, ਥਾਂ ਥਾਂ ਤੇ ਲੰਗਰ ਚਲਦੇ ਨੇ।
ਔਟੋਮੈਟਿਕ ਆਹ ਵਿਧੀ ਨਾਲ, ਫੁਲਕੇ ਵੀ ਵੇਖੋ ਬਣਦੇ ਨੇ।
ਉੱਚੇ ਨੀਵੇਂ ਦਾ ਭੇਤ ਮਿਟਾ, ਇਕ ਥਾਂ ਹਰ ਕੋਈ ਬਿਠਾਇਆ ਏ।
ਗੁਰੂ ਰਾਮਦਾਸ ਤੇਰੀ.............।

ਔਹ ਸੋਨੇ ਦੇ ਇਸ ਮੰਦਰ ਤੇ, ਸੋਨਾ ਹੀ ਸਾਰੇ ਲੱਭਦਾ ਏ।
ਇਸ ਚਾਰ ਚੁਫੇਰੇ ਪਾਣੀ ਦੇ, ਅੰਦਰ ਇਹ ਕਿੰਨਾ ਸੱਜਦਾ ਏ।
ਬਾਣੀ ਦੀ ਪਏ ਫੁਹਾਰ ਸਦਾ, ਅੰਦਰ ਬੇਅੰਤ ਹੀ ਮਾਇਆ ਏ।
ਗੁਰੂ ਰਾਮਦਾਸ ਤੇਰੀ.............।

ਚਾਰੇ ਕੂੰਟਾਂ ਵਿੱਚ ਚਾਰ ਦੁਆਰ, ਇਹਦੀ ਸ਼ੋਭਾ ਖੂਭ ਵਧਾਉਂਦੇ ਨੇ।
ਤੇ ਨੇੜੇ ਇਨ੍ਹਾਂ ਸਰਾਵਾਂ ਵਿੱਚ ਮੁਫ਼ਤਾਂ ਦੇ ਵਿੱਚ ਵਸਾਉਂਦੇ ਨੇ।
ਸਾਡੇ ਪੈਰਾਂ ਦਾ ਹਰ ਜੋੜਾ, ਜੋੜੇ ਘਰ ਵਿੱਚ ਸਜਾਇਆ ਏ।
ਗੁਰੂ ਰਾਮਦਾਸ ਤੇਰੀ.............।



ਜੋ ਆਸ ਕੋਈ ਵੀ ਕਰਦਾ ਏ, ਉਸਦੀ ਇਹ ਆਸ ਪੁਗਾਉਂਦਾ ਏ।
ਸਭ ਦੁਖੀਆਂ ਦਾ ਦੁੱਖ ਦੂਰ ਕਰਨ ਲਈ, ਬੇਰੀ ਹੇਠ ਨਹਾਉਂਦਾ ਏ।
ਦੁੱਖ ਦੂਰ ਕਰਨ ਲਈ ਲੋਕਾਂ ਦੇ, ਬਿਨ ਪੈਸੇ ਹੱਟ ਇਹ ਲਾਇਆ ਏ।
ਗੁਰੂ ਰਾਮਦਾਸ ਤੇਰੀ.............।

ਅਕਾਲ ਤਖ਼ਤ ਇਸ ਦੇ ਸਾਹਵੇਂ, ਅੰਮ੍ਰਿਤ ਦੇ ਬਾਟੇ ਵੰਡਦਾ ਏ।
ਭੁੱਲੇ ਭਟਕੇ ਉਹ ਲੋਕਾਂ ਨੂੰ, ਇਸ ਸਿੱਖੀ ਦੇ ਨਾਲ ਗੰਢਦਾ ਏ।
ਇਸਦੇ ਸਾਹਵੇਂ ਨਿਸ਼ਾਨ ਸਾਹਿਬ, ਆਹ ਵੇਖੋ ਕਿੰਵ ਲਹਿਰਾਇਆ ਏ।
ਗੁਰੂ ਰਾਮਦਾਸ ਤੇਰੀ.............।

ਲੋਕੀਂ ਸੇਵਾ ਰੱਜ ਰੱਜ ਕਰਦੇ, ਦਿਨ ਰਾਤ ਪਾਠ ਉਹ ਕਰਦੇ ਨੇ।
ਗੁਰੂ ਰਾਮਦਾਸ ਦੀ ਦਾਤ ਵਿਚੋਂ, ਰਹਿਮਤ ਦੀ ਝੋਲੀ ਭਰਦੇ ਨੇ।
ਲਾਡਪੁਰੀ ਅਜਾਇਬ ਘਰ ਇਸਦਾ, ਇਹ ਨਵਾਂ ਸਰੂਰ ਲਿਆਇਆ ਏ।
ਗੁਰੂ ਰਾਮਦਾਸ ਤੇਰੀ.............।

# ਮਹਾਰਾਜਾ ਰਣਜੀਤ ਸਿੰਘ

ਪੰਜਾਬ ਦੀ ਧਰਤੀ ਦਾ ਪੁੱਤਰ, ਕਦੇ ਵਿੱਚ ਪੰਜਾਬ ਦੇ ਆਇਆ ਸੀ।
ਪੰਜਾਬ ਦਾ ਇਕ ਇਕ ਹੀਰਾ ਉਸ, ਕਦੀ ਇਕ ਮਾਲਾ ਵਿੱਚ ਪਾਇਆ ਸੀ।

.....................................................................................................

ਕਹਿਰਾਂ ਦੀ ਉਹਦੀ ਸੋਝੀ ਸੀ, ਕਹਿਰਾਂ ਦਾ ਨੂਰ ਸੀ ਚਿਹਰੇ ਤੇ।
ਇੱਕ ਅੱਖ ਦੇ ਹੁੰਦੇ ਵੀ ਉਸਦਾ, ਪ੍ਰਤਾਪ ਸੀ ਚਾਰ ਚੁਫੇਰੇ ਤੇ।
ਉਸ ਦੀ ਇਕੋ ਹੀ ਘੁਰਕੀ ਨੇ, ਅਫ਼ਗਾਨਿਸਤਾਨ ਡਰਾਇਆ ਸੀ।
ਪੰਜਾਬ ਦੀ ਧਰਤੀ ਦਾ ਪੁੱਤਰ........................।

ਕਿਸੇ ਬਾਹਰੋਂ ਆ ਇਸ ਧਰਤੀ ਤੇ, ਜ਼ੁਲਮਾਂ ਦਾ ਨ੍ਹੇਰ ਮਚਾਇਆ ਸੀ।
ਪੰਜਾਬ ਦਾ ਬੱਚਾ ਬੱਚਾ ਤਦ ਰੋ ਉਠਿਆ ਤੇ ਕੁਰਲਾਇਆ ਸੀ।
ਬੱਬਰ ਸਾਡਾ ਪੰਜਾਬੀ ਤਦ, ਆਹ ਨੀਮ ਪਹਾੜੋਂ ਧਾਇਆ ਸੀ।
ਪੰਜਾਬ ਦੀ ਧਰਤੀ ਦਾ ਪੁੱਤਰ........................।

ਪੰਜਾਬੀ ਹੀਰੇ ਕੱਠੇ ਕਰ, ਉਸ ਇਹ ਪੰਜਾਬ ਵਧਾ ਦਿੱਤਾ।
ਸਿੱਕਾ ਇਸਦਾ ਸਤਲੁੱਜ ਤੋਂ ਲੈ, ਕਾਬਲ, ਕੰਧਾਰ ਚਲਾ ਦਿੱਤਾ।
ਕਸ਼ਮੀਰ, ਲੱਦਾਖ਼ ਨੂੰ ਵੀ ਆਪਣੇ, ਉਸ ਰਾਜ ਦੇ ਵਿੱਚ ਰਲਾਇਆ ਸੀ।
ਪੰਜਾਬ ਦੀ ਧਰਤੀ ਦਾ ਪੁੱਤਰ........................।

ਨਲੂਏ ਜਹੇ ਸ਼ੇਰ ਜੁਆਨ ਉਹਦੀ, ਸਨ ਮਾਲਾ ਦੇ ਮਣਕੇ ਭਾਰੀ।
ਪਠਾਨ ਕੌਮ ਉਸ ਦੇ ਨਾਂ ਤੋਂ, ਤਾਂ ਅੱਜ ਵੀ ਏ ਡਰਦੀ ਸਾਰੀ।
ਉਸ ਸਾਹਸੀ ਵੀਰ ਜੁਆਨਾਂ ਨੂੰ, ਪੁਚਕਾਰ ਕੇ ਵੱਸ ਕਰਾਇਆ ਸੀ।
ਪੰਜਾਬ ਦੀ ਧਰਤੀ ਦਾ ਪੁੱਤਰ........................।



ਉਹਦੇ ਵੱਧਦੇ ਹੋਏ ਜਲਾਲਾਂ ਦਾ, ਅੰਗਰੇਜ਼ ਵੀ ਪਾਣੀ ਭਰਦੇ ਸਨ।
ਤੇ ਡਰਦੇ ਹੋਏ ਹੀ ਉਹਦੇ ਨਾਲ, ਹੱਦਾਂ ਦੀਆਂ ਸੰਧੀਆਂ ਕਰਦੇ ਸਨ।
ਉਸ ਜਿਉਂਦੇ ਜੀਅ ਸਨਮਾਨ, ਮਾਨ, ਆਪਣਾ ਨਾਂਹ ਕਦੇ ਗੁਆਇਆ।
ਪੰਜਾਬ ਦੀ ਧਰਤੀ ਦਾ ਪੁੱਤਰ........................।

ਰਣਜੀਤ ਸਿੰਘ ਸੀ ਨਾਂ ਉਸਦਾ, ਰਣ ਭੂਮੀ ਦੇ ਵਿੱਚ ਜਦ ਗੱਜਦਾ।
ਤਾਂ ਦੁਸ਼ਮਣ ਉਹਦੀ ਭਵਕ ਨਾਲ, ਸੀ ਦੂਰ ਦੂਰ ਜਾਂਦਾ ਭੱਜਦਾ।
ਸੈਨਾ ਨੂੰ ਟ੍ਰੇਨਿੰਗ ਦੇਣ ਲਈ, ਉਸ ਫਰਾਂਸ ਦਾ ਯੁਵਕ ਮੰਗਾਇਆ ਸੀ।
ਪੰਜਾਬ ਦੀ ਧਰਤੀ ਦਾ ਪੁੱਤਰ........................।

ਉਸ ਦੂਰ ਦੂਰ ਤੱਕ ਲਾਡਪੁਰੀ, ਸਿੱਖੀ ਦਾ ਰਾਜ ਬਣਾ ਛੱਡਿਆ।
ਲਹੌਰ ਅਤੇ ਮੁਲਤਾਨ ਤਾਈਂ, ਉਸ ਸਿੱਕਾ ਸੀ ਚਲਵਾ ਛੱਡਿਆ।
ਜਨਤਾ ਦੀ ਸੇਵਾ ਕਰਕੇ ਉਸ, ਦੁਖੀਆਂ ਦਾ ਦਰਦ ਵੰਡਾਇਆ ਸੀ।
ਪੰਜਾਬ ਦੀ ਧਰਤੀ ਦਾ ਪੁੱਤਰ........................।

# ਚਮਕੌਰ ਦੀ ਜੰਗ

ਧਰਤੀ ਚਮਕੌਰ ਦੀਏ, ਧਰਤੀ ਚਮਕੌਰ ਦੀਏ।
ਦੋ ਪੁੱਤ ਸ਼ੈਲ ਜਵਾਨ ਤੂੰ ਗੱਭਰੂ, ਆਪਣੀ ਗੋਦੀ ਲਏ।
ਧਰਤੀ ਚਮਕੌਰ ਦੀਏ, ਧਰਤੀ ਚਮਕੌਰ ਦੀਏ।

.............................................................................................

ਵਿੱਚ ਚਮਕੌਰ ਗੜ੍ਹੀ ਦੇ ਪਹੁੰਚੇ, ਚਾਲੀ ਸਨ ਸਿੰਘ ਸਾਰੇ।
ਦਸ ਲੱਖ ਫੌਜ ਦਾ ਘੇਰਾ ਪੈ ਗਿਆ, ਵਾਹ ਦਸ਼ਮੇਸ਼ ਦੇ ਕਾਰੇ।
ਤੇਗ਼ਾਂ, ਤੀਰ ਤੇ ਨੇਜ਼ੇ ਚੱਲੇ, ਹਾਥੀ ਪੁੱਠੇ ਪਏ।
ਧਰਤੀ ਚਮਕੌਰ ਦੀਏ, ਧਰਤੀ ਚਮਕੌਰ ਦੀਏ।

ਨੇਜ਼ੇ ਚੱਲੇ ਜ਼ੋਰਾ ਜ਼ੋਰੀ, ਖੜਕਦੀਆਂ ਤਲਵਾਰਾਂ।
ਤੀਰਾਂ ਦੀ ਵਾਛੜ ਪੈ ਗਈ, ਕਿੰਵ ਢਹਿ ਢਹਿ ਡਿਗਣ ਹਜ਼ਾਰਾਂ।
ਰੱਤ ਦੀਆਂ ਚਲਣ ਫੁਹਾਰਾਂ, ਦੁਸ਼ਮਣ ਦੇ ਤੂੰਬੇ ਲਹਿ ਗਏ।
ਧਰਤੀ ਚਮਕੌਰ ਦੀਏ, ਧਰਤੀ ਚਮਕੌਰ ਦੀਏ।

ਬਾਬਾ ਸ੍ਰੀ ਅਜੀਤ ਸਿੰਘ ਤਦ ਵਿੱਚ ਮੈਦਾਨ ਦੇ ਆਏ।
ਵੈਰੀਆਂ ਨੂੰ ਭਾਜੜ ਪੈ ਗਈ, ਸੱਥਰ ਵੈਰੀ ਦੇ ਲਾਹੇ।
ਵੱਢੇ ਤੜਫਣ, ਢਹਿਣ ਕਈ, ਵਗ ਰੱਤ ਦੇ ਰੇੜ੍ਹ ਗਏ।
ਧਰਤੀ ਚਮਕੌਰ ਦੀਏ, ਧਰਤੀ ਚਮਕੌਰ ਦੀਏ।

ਜ਼ੋਰਾਵਰ ਸਿੰਘ ਰੋਹ ਵਿੱਚ ਆ, ਫਿਰ ਵਿੱਚ ਮੈਦਾਨ ਦੇ ਗੱਜੇ।
ਵੈਰੀ ਦੇ ਆਹੂ ਲਾਹ ਸੁੱਟੇ, ਕਿੰਵ ਵੈਰੀ ਸੀ ਭੱਜੇ।
ਕਈ ਲੱਖਾਂ ਤਦ ਮਾਰ ਉਨ੍ਹਾਂ, ਸੀ ਵੀਰ ਦੇ ਬਦਲੇ ਲਏ।
ਧਰਤੀ ਚਮਕੌਰ ਦੀਏ, ਧਰਤੀ ਚਮਕੌਰ ਦੀਏ।

ਧਰਤ ਏਸ ਚਮਕੌਰ ਦੀ ਤਦ, ਗੋਦੀ ਵਿੱਚ ਪੁੱਤਰ ਬਠਾਏ।
ਇਕ ਇਕ ਸਿੰਘ ਨੇ ਸਵਾ ਲੱਖ, ਵੈਰੀ ਨਾਲ ਜ਼ੌਹਰ ਵਖਾਏ।
ਲੱਖਾਂ ਵਿੱਚ ਖੜ੍ਹ ਦਸਮ ਪਿਤਾ, ਔਹ ਕਿੰਵ ਲਲਕਾਰ ਰਹੇ।
ਧਰਤੀ ਚਮਕੌਰ ਦੀਏ, ਧਰਤੀ ਚਮਕੌਰ ਦੀਏ।

ਵਿੱਚ ਚਮਕੌਰ ਦੇ ਚਾਲੀ ਸਿੰਘਾਂ, ਖੂਬ ਸ਼ਹੀਦੀਆਂ ਪਾਈਆਂ।
ਜਾਨਾਂ ਉਨ੍ਹਾਂ ਨੇ ਦੇਸ਼ ਕੌਮ ਦੀ ਖ਼ਾਤਿਰ, ਕਿਵੇਂ ਲੁਟਾਈਆਂ।
ਲਾਡਪੁਰੀ ਦਸ਼ਮੇਸ਼ ਦੇ ਕਾਰੇ, ਜੱਗ ਤੋਂ ਸਨ ਵੱਖਰੇ।
ਧਰਤੀ ਚਮਕੌਰ ਦੀਏ, ਧਰਤੀ ਚਮਕੌਰ ਦੀਏ।



# ਚਾਲੀ ਮੁਕਤੇ

ਬੇਦਾਵਾ ਲਿਖ ਦੇ ਗਏ, ਦੇ ਗਏ ਚਾਲੀ ਸਿੰਘ ਅੱਜ ਕਾਨੀ।
ਸਤਿਗੁਰ ਨੇ ਰੱਖ ਲਈ, ਇਹ ਸਿੰਘਾਂ ਦੀ ਸਾਂਭ ਨਿਸ਼ਾਨੀ।

.............................................................................................

ਘੇਰਾ ਪਾਇਆ ਦੁਸ਼ਮਣ ਗੜ੍ਹੀ, ਆਨੰਦਪੁਰ ਚਾਰ ਚੁਫੇਰੇ।
ਘੇਰਾ ਲੰਮਾ ਤੱਕ ਕੇ, ਕਈ ਸਿੰਘਾਂ ਨੇ ਛੱਡ ਤੇ ਜ਼ੇਰੇ।
ਤਦ ਚਾਲੀ ਸਿੰਘਾਂ ਨੇ ਦਿੱਤੀ, ਸਤਿਗੁਰ ਤਾਂਈਂ ਝਕਾਨੀ।
ਬੇਦਾਵਾ ਲਿਖ ਦੇ ਗਏ................।

ਮੁਕਤਸਰ ਦੀ ਧਰਤੀ ਵੱਲ, ਹੁਣ ਚਾਲੇ ਸਤਿਗੁਰ ਪਾਏ।
ਅਨੰਦਪੁਰ ਛੱਡ ਕੇ ਸਤਿਗੁਰ, ਸ਼ਾਹੀ ਟਿੱਬੀ ਡੇਰੇ ਲਾਏ।
ਬੇਦਾਵੇ ਵਾਲੇ ਸਿੰਘ, ਮੁੜ ਬਣ ਗਏ, ਸਤਿਗੁਰ ਦੇ ਜਾਨੀ।
ਬੇਦਾਵਾ ਲਿਖ ਦੇ ਗਏ................।

ਸ਼ਾਹੀ ਟਿੱਬੀ ਨੇੜੇ, ਉਹ ਤਾਂ ਢਾਬ ਦੇ ਨੇੜੇ ਆਏ।
ਪਾ ਝਾੜੀਆਂ ਤੇ ਕੱਪੜੇ, ਉਨ੍ਹਾਂ ਤੰਬੂਆਂ ਵਾਂਗ ਸਜਾਏ।
ਘਮਸਾਣ ਦਾ ਯੁੱਧ ਹੋਇਆ, ਸਿੰਘਾਂ ਕੱਢੀ ਕਿਰੜ ਪੁਰਾਣੀ।
ਬੇਦਾਵਾ ਲਿਖ ਦੇ ਗਏ................।

ਸਤਿਗੁਰ ਤੇ ਸਿੰਘਾਂ ਨੇ ਤਦ ਟਿੱਬੀ ਤੋਂ ਬਾਣ ਚਲਾਏ।
ਪੰਜ ਹਜ਼ਾਰ ਵੈਰੀ ਸਨ ਉਨ੍ਹਾਂ, ਪਲ ਵਿੱਚ ਮਾਰ ਮੁਕਾਏ।
ਤਦ ਦੁਸ਼ਮਣ ਦੀ ਦੌੜੀ, ਓਥੋਂ ਰਹਿੰਦੀ ਬਾਕੀ ਢਾਣੀ।
ਬੇਦਾਵਾ ਲਿਖ ਦੇ ਗਏ................।

ਉੱਤਰ ਕੇ ਟਿੱਬੀ ਤੋਂ, ਸਤਿਗੁਰ ਝਾਤ ਮੈਦਾਨ ਚ, ਮਾਰੀ।
ਲਾਡਪੁਰੀ ਸਿੰਘਾਂ ਨੂੰ ਔਹੁਦੇ ਦਿੰਦੇ ਦਸ ਹਜ਼ਾਰੀ।
ਬੇਦਾਵਾ ਪੜਵਾਇਆ, ਇੰਜ ਟੁੱਟੀ ਗੰਢੀ ਸੀ ਤਾਣੀ।
ਬੇਦਾਵਾ ਲਿਖ ਦੇ ਗਏ................।

# ਭਗਤ ਰਵੀਦਾਸ

ਦੀਦਾਰ ਜੇ ਸਤਿਗੁਰ ਦੇ ਕਰਨੇ, ਪੜ੍ਹ ਲੌ ਰਵੀਦਾਸ ਦੀ ਬਾਣੀ ਨੂੰ।
ਉਨ੍ਹਾਂ ਉਖੜੇ ਹੋਏ ਸਮਾਜ ਦੀ ਸੀ, ਗੰਢਿਆ ਵਿਗੜੀ ਹੋਈ ਤਾਣੀ ਨੂੰ।

.......................................................................................................

ਭਾਵੇਂ ਸੀ ਰਹਿੰਦਾ ਕੁੱਲੀ ਵਿੱਚ, ਉਹ ਏਸ ਚਮਨ ਦਾ ਮਾਲੀ ਸੀ।
ਉਹਦੀ ਭਾਗ ਲਾਉਣ ਲਈ ਕੁੱਲੀ ਨੂੰ, ਸਤਿਗੁਰ ਕਰਦਾ ਰਖਵਾਲੀ ਸੀ।
ਪਾਈ ਨਾਮ ਜਪਣ ਦੀ ਪਿਰਤ ਤਦੋਂ, ਸੀ ਉਸਨੇ ਏਸ ਪ੍ਰਾਣੀ ਨੂੰ।
ਦੀਦਾਰ ਜੇ ਸਤਿਗੁਰ ਦੇ ਕਰਨੇ............................।

ਉਹ ਜ਼ਾਤ ਪਾਤ ਤੋਂ ਉੱਚਾ ਸੀ, ਉਹ ਨੀਵਾਂ ਸਦਾ ਕਹਾਉਂਦਾ ਸੀ।
ਚਮਾਰ ਸ਼ਬਦ ਤਾਂ ਵਾਰ ਵਾਰ, ਉਹਦੀ ਬਾਣੀ ਦੇ ਵਿੱਚ ਆਉਂਦਾ ਸੀ।
ਇਕ ਨੂਰ ਦੇ ਇਹ ਨੇ ਸਭ ਬੰਦੇ, ਦੱਸਿਆ ਪੰਡਤਾਂ ਦੀ ਢਾਣੀ ਨੂੰ।
ਦੀਦਾਰ ਜੇ ਸਤਿਗੁਰ ਦੇ ਕਰਨੇ............................।

ਗੰਗਾ ਇਸ਼ਨਾਨ ਲਈ ਸੰਗ ਚਲਿਆ, ਇਕ ਧੇਲਾ ਉਨ੍ਹਾਂ ਫੜਾਇਆ ਤਦ।
ਗੰਗਾ ਮਾਂ ਧੇਲਾ ਲੈਣ ਲਈ, ਹੱਥ ਉੱਪਰ ਵੱਲ ਵਧਾਇਆ ਤਦ।
ਪੰਡਤਾਂ ਦਾ ਮਾਣ ਤੁੜਾ ਦਿੱਤਾ, ਉਸ ਤੋੜਿਆ ਰੀਤ ਪੁਰਾਣੀ ਨੂੰ।
ਦੀਦਾਰ ਜੇ ਸਤਿਗੁਰ ਦੇ ਕਰਨੇ............................।

ਮੀਰਾਂ ਨੂੰ ਚੇਟਕ ਵੱਖਰੀ ਹੀ, ਗੁਰੂ ਰਵੀਦਾਸ ਨੇ ਲਾ ਦਿੱਤੀ।
ਰਾਣੇ ਤੋਂ ਰੁਕੇ ਨ ਵਧਦੇ ਪੈਰ, ਭਾਵੇਂ ਲੱਖ ਰੁਕਾਵਟ ਪਾ ਦਿੱਤੀ।
ਅੱਜ ਤੱਕ ਵੀ ਤਾਂਹੀਉਂ ਜੱਗ ਪੂਜੇ, ਸਤਿਗੁਰ ਦੀ ਓਸ ਦੀਵਾਨੀ ਨੂੰ।
ਦੀਦਾਰ ਜੇ ਸਤਿਗੁਰ ਦੇ ਕਰਨੇ............................।

ਮਿੱਠੀ ਇਸ ਮਾਖਿਉਂ ਬਾਣੀ ਦਾ, ਰੱਜ ਰੱਜ ਅਨੰਦ ਸਭ ਮਾਣ ਲਵੋ।
ਤੇ ਭੇਤ ਉਨ੍ਹਾਂ ਦੀ ਬਾਣੀ ਦਾ, ਗੁਰੂ ਗ੍ਰੰਥ ਸਾਹਿਬ ਚੋਂ ਜਾਣ ਲਵੋ।
ਉਨ੍ਹਾਂ ਲਾਡਪੁਰੀ ਸੋਝੀ ਦਿੱਤੀ, ਤਦ ਜਨਤਾ ਏਸ ਇੰਞਾਣੀ ਨੂੰ।
ਦੀਦਾਰ ਜੇ ਸਤਿਗੁਰ ਦੇ ਕਰਨੇ............................।



# ਭਗਤ ਕਬੀਰ

ਭਗਤ ਕਬੀਰ ਦੀ ਬਾਣੀ ਮਨ ਵਿੱਚ ਠੰਢ ਵਰਤਾਉਂਦੀ ਏ।
ਭੁੱਲੇ ਭਟਕੇ ਜੀਵਨ ਨੂੰ ਇਹ ਰਾਹ ਦਿਖਲਾਉਂਦੀ ਏ।

.......................................................................................................

ਜਾਤ ਪਾਤ ਤੋਂ ਉੱਚੇ ਉੱਠ, ਜੀਵਨ ਸੰਵਾਰ ਲਵੋ।
ਕਰਨੀ ਕਿਰਤ ਤੇ ਵੰਡ ਖਾਣਾ, ਇਹ ਮਨ ਵਿੱਚ ਧਾਰ ਲਵੋ।
ਸਾਦਾ ਬੋਲੀ ਦੇ ਵਿੱਚ ਇਹ ਉਪਦੇਸ਼ ਸੁਣਾਉਂਦੀ ਏ।
ਭਗਤ ਕਬੀਰ ਦੀ ਬਾਣੀ.........................।

ਸਾਦਾ ਖਾਵੋ, ਚਾਦਰੋਂ ਬਾਹਰੇ, ਪੈਰ ਪਸਾਰੋ ਨਾਂਹ।
ਸਹਿਨ-ਸ਼ੀਲਤਾ ਅਪਨਾਵੋ, ਦੂਜੇ ਨੂੰ ਮਾਰੋ ਨਾਂਹ।
ਨਾਮ-ਜਪਣ ਦੀ ਇਹ ਤਾਂ ਸਾਨੂੰ, ਚੇਟਕ ਲਾਉਂਦੀ ਏ।
ਭਗਤ ਕਬੀਰ ਦੀ ਬਾਣੀ.........................।

ਪੁੰਨ ਦਾਨ ਕਰਨੇ ਦੀ, ਮਨ ਵਿੱਚ ਰੀਝ ਜਗਾਉਂਦੀ ਏ।
ਸੰਗਤ ਵਿੱਚ ਬੈਠਣ ਦੀ, ਇਹ ਤਾਂ ਜਾਚ ਸਿਖਾਉਂਦੀ ਏ।
ਸੱਚ ਦੀ ਖਾਓ ਕਮਾਈ, ਬਾਰੰਬਾਰ ਸੁਣਾਉਂਦੀ ਏ।
ਭਗਤ ਕਬੀਰ ਦੀ ਬਾਣੀ.........................।

ਆਓ ਉਨ੍ਹਾਂ ਦੇ ਦੱਸੇ ਰਸਤੇ, ਨੂੰ ਅਪਨਾ ਲਈਏ।
ਜੀਵਨ ਜੱਗ ਵਿੱਚ ਸਿੱਧੇ ਰਸਤੇ, ਆਪਣਾ ਪਾ ਲਈਏ।
ਲਾਡਪੁਰੀ ਸਾਡੇ ਮਨ ਵਿੱਚੋਂ, ਮੈਲ ਕਢਾਂਉਂਦੀ ਏ।
ਭਗਤ ਕਬੀਰ ਦੀ ਬਾਣੀ.........................।

# ਦਸਮ ਪਿਤਾ

ਪਾਪ ਜ਼ੁਲਮ ਜਦ ਹੱਦ ਤੋਂ ਟੱਪ ਜਾਂਦੇ,
ਪਰਦਾ ਝੂਠ ਦਾ ਸੱਚ ਤੇ ਚਾੜ੍ਹਦੇ ਨੇ।
ਲਾਡਪੁਰੀ ਇਸ ਜਬਰ ਨੂੰ ਰੋਕਣੇ ਲਈ,
ਮਹਾਂ ਪੁਰਖ ਓਦੋਂ ਜਨਮ ਧਾਰਦੇ ਨੇ।

.........................................................................................

ਮੇਰੇ ਬਾਜਾਂ ਵਾਲੇ ਨਵਾਂ ਚੋਜ ਤੂੰ ਰਚਾਇਆ ਏ।
ਜਬਰ ਜ਼ੁਲਮ ਲਈ ਪੰਥ ਖਾਲਸਾ ਸਜਾਇਆ ਏ।

.........................................................................................

ਅੰਮ੍ਰਿਤ ਦਾ ਤੂੰ ਬਾਟਾ ਵੰਡ ਕੇ, ਨਵੀਂ ਪਾਣ ਕੋਈ ਚਾੜ੍ਹੀ।
ਮਾਨੋ ਸੋਝੀ ਆਈ ਸਵੱਲੀ, ਰਿਹਾ ਨਾਂਹ ਕੋਈ ਅਨਾੜੀ।
ਸਵਾ ਲੱਖ ਨਾਲ ਇਕ ਇਕ ਤਾਂਈ, ਤੂੰ ਲੜਾਇਆ ਏ।
ਮੇਰੇ ਬਾਜਾਂ ਵਾਲੇ .............................।
ਨਿੱਘਰੀ ਹਿੰਦੂ ਕੌਮ ਉਹ ਜਿਹੜੀ, ਅਣਖ ਗੁਆ ਸੀ ਬੈਠੀ।
ਗ਼ੈਰਤ ਆਪਣੀ ਉੱਕੀ, ਸੁਸਰੀ ਵਾਂਗ ਸੁਆ ਸੀ ਬੈਠੀ।
ਸ਼ਕਤੀ ਭਰ ਕੇ ਸਤਿਗੁਰ, ਚਿੜੀਉਂ ਬਾਜ ਤੁੜਾਇਆ ਏ।
ਮੇਰੇ ਬਾਜਾਂ ਵਾਲੇ .............................।
ਕੜਾ, ਕੇਸ, ਕਿਰਪਾਨ, ਕਛਹਿਰਾ, ਕੰਘਾ ਤੁਸੀਂ ਸਜਾਉਣਾ।
ਸਤਿਗੁਰ ਕਹਿੰਦੇ ਸਿੰਘੋ, ਰਹਿਤਾਂ ਉਤੇ ਫੁੱਲ ਚੜਾਉਣਾ।
ਖਾਲਸਾ ਸਮਝੋ ਰੂਪ ਗੁਰਾਂ ਦਾ, ਆਖ ਸੁਣਾਇਆ ਏ।
ਮੇਰੇ ਬਾਜਾਂ ਵਾਲੇ .............................।
ਭਾਣਾ ਰੱਬ ਦਾ ਮਿੱਠਾ ਕਰਕੇ, ਸਦਾ ਮਾਨਿਉਂ ਸਿੰਘੋ।
ਲਾਡਪੁਰੀ ਜ਼ੁਲਮਾਂ ਦੇ ਅੱਗੇ, ਹਿੱਕ ਤਾਨਿਉਂ ਸਿੰਘੋ।
ਹਿੰਦ ਦੀ ਇੱਜ਼ਤ ਦਾ ਬੀੜਾ, ਅੱਜ ਤੁਸੀਂ ਉਠਾਇਆ ਏ।
ਮੇਰੇ ਬਾਜਾਂ ਵਾਲੇ .............................।



# ਪੰਜ-ਪਿਆਰੇ

ਦੇਸ਼ ਕੌਮ ਤੇ ਅਣਖ ਲਈ ਜਿਊਣ ਖ਼ਾਤਰ ਜੋ ਨੇ ਤਲੀ ਤੇ ਸੀਸ ਟਿਕਾਉਣ ਵਾਲੇ।
ਲਾਡਪੁਰੀ ਗੁਲਾਮੀ ਦਾ ਲਾਹੁਣ ਜੂਲਾ, ਸ਼ਮ੍ਹਾਂ ਪਾਸ ਪਰਵਾਨੇ ਬਣ ਆਉਣ ਵਾਲੇ।

.........................................................................................

.ਖੰਡਾ ਫੜ ਗੁਰਾਂ ਸ਼ਬਦ ਉਚਾਰੇ, ਲੋੜ ਪੈ ਗਈ ਇਕ ਸੀਸ ਦੀ।

.........................................................................................

. ਸਾਰੀ ਬੈਠੀ ਸੰਗਤ ਤੇ ਡਰ ਸਹਿਮ ਛਾਈ ਜਾਵੇ।
ਕੋਈ ਖੱਡਾਂ ਝਾੜੀਆਂ 'ਚ ਆਪ ਨੂੰ ਲੁਕਾਈ ਜਾਵੇ।
ਕੌਣ ਏਸ ਵੇਲੇ ਆਪ ਨੂੰ ਨਿਤਾਰੇ।
ਲੋੜ ਪੈ ਗਈ.................................।
ਦਯਾ ਰਾਮ ਵਧ ਆਇਆ, ਹੌਂਸਲਾ ਜਮਾ ਲਿਆ।
ਗੁਰਾਂ ਧੂ ਕੇ ਤੰਬੂ ਵਿੱਚ ਓਸ ਨੂੰ ਬਠਾ ਲਿਆ।
ਜਾਪੇ ਇੰਵ ਜਿਵੇਂ ਸੱਚੀਂ ਮੁੱਚੀਂ ਮਾਰੇ।
ਲੋੜ ਪੈ ਗਈ.................................।
ਦਿੱਲੀ ਵਾਲਾ ਧਰਮ ਚੰਦ ਦੂਜੇ ਸੱਦੇ ਆ ਗਿਆ।
ਤੀਜੇ ਉਤੇ ਮੁਹਕਮ ਸੀਸ ਤਲੀ ਤੇ ਟਿਕਾ ਲਿਆ।
ਕਈ ਫਸੇ ਆਣ ਕੁਣਕੇ ਦੇ ਮਾਰੇ।
ਲੋੜ ਪੈ ਗਈ.................................।
ਹਿੰਮਤ ਸੀ ਆਇਆ ਚੌਥੀ ਵਾਰ ਦੇ ਬੁਲਾਉਣ ਤੇ।
ਸਾਹਿਬ ਚੰਦ ਆਇਆ, ਵਾਰ ਪੰਜਵੇਂ ਸੁਨਾਉਣ ਤੇ।
ਹੁਣ ਪੰਜੇ ਗੁਰਾਂ ਸਾਹਮਣੇ ਖਲ੍ਹਾਰੇ।
ਲੋੜ ਪੈ ਗਈ.................................।
ਪੰਜਾਂ ਪੀ ਕੇ ਅੰਮ੍ਰਿਤ, ਸਿੰਘ ਅਖਵਾ ਲਿਆ।
ਸੰਗਤ ਨੇ ਪੀਤਾ, ਗੁਰਾਂ ਸੰਗਤ ਤੋਂ ਪਾ ਲਿਆ।
ਲਾਡਪੁਰੀ ਪੰਜ ਇਹ ਨੇ ਪਿਆਰੇ।
ਲੋੜ ਪੈ ਗਈ.................................।

# ਨੌਵੇਂ ਪਾਤਸ਼ਾਹ ਦੀ ਸ਼ਹੀਦੀ

ਬਾਲ ਗੁਰੂ ਦਾ ਪੁੱਛਣਾ

ਦੁਨੀਆਂ ਨਾਲੋਂ ਨਿਰਾਲੀ ਜੋ ਥਾਂ ਹੋਵੇ, ਕਿਹੜੀ ਨਜ਼ਰ ਨਾਂਹ ਓਸ ਥਾਂ ਝੁਕ ਸਕਦੀ।
ਰਾਖਾ ਜ਼ੁਲਮ ਦਾ ਜਿਸ ਨੂੰ ਰੱਬ ਥਾਪੇ, ਕਿਹੜੀ ਗੱਲ ਉਹਦੇ ਪਾਸੋਂ ਲੁਕ ਸਕਦੀ।

..........................................................................................

ਹਾਣੀਆਂ ਦੀ ਢਾਣੀ ਸੰਗ ਬਾਲ ਮੁਸਕਾਮਦਾ।
ਪਿਤਾ ਦੀ ਉਹ ਚੁੱਪ ਵਾਲੀ ਰਮਜ਼ ਪਛਾਣਦਾ।

ਪੁੱਛਦਾ ਪਿਤਾ ਜੀ ਚੁੱਪ ਕਾਸ ਨੂੰ ਇਹ ਧਾਰੀ ਏ।
ਕਿਹੜੀ ਅੱਜ ਪੈ ਗਈ ਸੱਟ ਤੁਸਾਂ ਉਤੇ ਭਾਰੀ ਏ।
ਚੁੱਪ ਦੇ ਮੈਂ ਭੇਤ ਤਾਈਂ ਪੁੱਛਣਾਂ ਹਾਂ ਚਾਹਵੰਦਾ।
ਪਿਤਾ ਵਾਲੀ..................................।

ਹਾਣੀਆਂ ਦੇ ਨਾਲ ਆਇਆ, ਤੁਸੀਂ ਮੁਸਕਾਏ ਨਾਂਹ।
ਖੇੜੇ ਦੀ ਬਹਾਰ ਅੱਜ ਤੁਸਾਂ ਉਤੇ ਭਾਏ ਨਾਂਹ।
ਪੰਡਤਾਂ ਨੇ ਪਾਠ ਕਿਹੜਾ ਪੜ੍ਹਿਆ ਪੁਰਾਣ ਦਾ।
ਪਿਤਾ ਵਾਲੀ..................................।

ਕਾਲ ਕਿਤੇ ਪਿਆ ਏ ਜਾਂ ਪਈ ਤਾਂ ਬੀਮਾਰੀ ਨਹੀਂ।
ਦੇਸ਼ ਉਤੇ ਭੀੜ ਕੋਈ ਬਣ ਗਈ ਤਾਂ ਭਾਰੀ ਨਹੀਂ।
ਲਾਡਪੁਰੀ ਵੇਲਾ ਆਇਆ, ਏਸ ਬਾਲ ਨੂੰ ਸੁਨਾਣ ਦਾ।
ਪਿਤਾ ਵਾਲੀ..................................।

..........................................................................................



# ਹਿੰਦ ਪੀਰ ਦਾ ਬਾਲ ਨੂੰ

ਪਾਪ ਜ਼ੁਲਮਾਂ ਦੀ ਨ੍ਹੇਰੀ ਜਾਂ ਰਾਤ ਆਉਂਦੀ,
ਝੂਠ ਸੱਚ ਦੀ ਥਾਂ ਨੇ ਮੱਲ ਲੈਂਦੇ।
ਲਾਡਪੁਰੀ ਦੁੱਖ ਦਰਦ, ਮੁਸੀਬਤਾਂ ਹੱਸ,
ਮਹਾਂ ਪੁਰਖ ਓਦੋਂ ਆ ਕੇ ਝੱਲ ਲੈਂਦੇ।

..........................................................................................

ਹਿੰਦ ਪੀਰ ਬਾਲ ਤਾਂਈਂ ਇਹ ਸੁਣਾਵੇ।
ਸਮੇਂ ਦੀ ਪੁਕਾਰ ਮੰਗਦੀ,
ਭੇਟਾ ਸੀਸ ਕੋਈ ਦੇਸ਼ ਦੀ ਚੜ੍ਹਾਵੇ।

..........................................................................................

ਬਾਲ ਅਜੇ ਅੰਞਾਣਾਂ ਏਂ ਤੂੰ ਸਮਝ ਸਕੇਂ ਨਾਂਹ ਸਾਰ ਕੋਈ।
ਜ਼ਾਲਮ ਅੱਜ ਤਕ ਹੋਈ ਨਾਂਹ, ਨਾਂਹ ਹੋਣੀ ਏਂ ਸਰਕਾਰ ਕੋਈ।
ਜਿਹੜੀ ਜਬਰੀ ਮੁਸਲਮਾਂ ਬਣਾਏ।
ਸਮੇਂ ਦੀ ਪੁਕਾਰ ਮੰਗਦੀ...........................।

ਔਰੰਗਜ਼ੇਬ ਬਾਦਸ਼ਾਹ ਕਹਿੰਦਾ, ਪਾਕ ਦਾ ਨਾਅਰਾ ਲਾ ਦੇਣਾ।
ਭਾਰਤ ਦੀ ਸਭ ਜਨਤਾ ਨੂੰ ਕਲਮਾਂ ਦਾ ਪਾਠ ਪੜ੍ਹਾ ਦੇਣਾ।
ਕੌਣ ਉਹਨੂੰ ਏਸ ਕੰਮ ਤੋਂ ਹਟਾਵੇ।
ਸਮੇਂ ਦੀ ਪੁਕਾਰ ਮੰਗਦੀ...........................।

ਕਸ਼ਮੀਰੀ ਇਹ ਪੰਡਤ ਏਸੇ ਲਈ ਕਸ਼ਮੀਰੋ ਆਏ।
ਦੁਖੀ ਹਿਰਦਿਆਂ ਨਾਲ ਉਨ੍ਹਾਂ ਆਪਣੇ ਦੁਖ ਦਰਦ ਸੁਣਾਏ।
ਲਾਡਪੁਰੀ ਸੀਸ ਕੌਣ ਜਾ ਲੁਹਾਏ।
ਸਮੇਂ ਦੀ ਪੁਕਾਰ ਮੰਗਦੀ...........................।

# ਸ਼ਹੀਦੀ ਨੌਵੇਂ ਪਾਤਸ਼ਾਹ ਦੀ

ਰਿਸ਼ੀ ਮੁਨੀ ਅਵਤਾਰ ਜੇ ਧਾਰਦੇ ਨਾਂਹ,
ਸਾਡੀ ਸਭਿਅਤਾ ਦਾ ਸੂਰਜ ਡੁੱਬ ਜਾਂਦਾ।
ਲਾਡਪੁਰੀ ਭਾਰਤ ਦੇਸ਼ ਹਿੰਦੂਆਂ ਦਾ,
ਅੱਗ ਪਾਕ ਵਾਲੀ ਅੰਦਰ ਭੁੱਜ ਜਾਂਦਾ।

..........................................................................................

ਮੇਰੇ ਹਿੰਦ ਪੀਰਾ ਤੁਸਾਂ ਹਿੰਦ ਨੂੰ ਬਚਾ ਲਿਆ।
ਦੁੱਖ ਦੁਖੀ ਮਜ਼ਲੂਮਾਂ ਵਾਲਾ ਝੋਲੀ ਪਾ ਲਿਆ।

..........................................................................................

ਗੜ ਗੜ ਕਰਕੇ ਦਿੱਲੀ ਦੇ ਵਿੱਚ ਦੇਗ਼ ਉਬਾਲੇ ਖਾਵੇ।
ਇਹ ਨਹੀਂ ਪਾਣੀ ਇਹ ਤਾਂ ਦੁਖ ਦੇ ਹੰਝੂ ਦੇਸ਼ ਵਰ੍ਹਾਵੇ।
ਪਾ ਕੇ ਹੁਕਮ ਦਿਆਲੇ, ਪਾਣੀ ਹਿੱਕ ਲਾ ਲਿਆ।
ਦੁਖ ਦੁਖੀ..........................।

ਦੂਜੇ ਪਾਸੇ ਮਤੀ ਦਾਸ ਔਹ ਹੱਥ ਜੋੜ ਕੇ ਖੜ੍ਹਿਆ।
ਜ਼ਾਲਮ ਦੇ ਆਰੇ ਦੇ ਦੰਦਿਆ ਨਾਲ ਕਿਵੇਂ ਉਹ ਲੜਿਆ।
ਸੀ ਨਾਂਹ ਕੀਤੀ, ਦੇਸ਼ ਕੌਮ ਨੂੰ ਜਗਾ ਲਿਆ।
ਦੁਖ ਦੁਖੀ..........................।

ਬੈਠ ਕਤਲਗਾਹ ਵਿੱਚ ਗੁਰੂ ਜੀ ਹੌਲੀ ਜਹੀ ਮੁਸਕਾਏ।
ਕਹਿੰਦੇ ਸੁੱਤੀ ਕੌਮ ਦੇ ਸੁੱਤੇ ਨੇ ਅਰਮਾਨ ਜਗਾਏ।
ਕੁਰਬਾਨੀ ਦਾ ਰਸਤਾ ਕੌਮ ਨੂੰ ਵਖਾ ਲਿਆ।
ਦੁਖ ਦੁਖੀ..........................।

ਖਿੜ ਖਿੜ ਹੱਸੇ ਖਿੜ ਕੇ ਖੇੜਾ ਮੱਥੇ ਤੇ ਖਿੜ ਆਇਆ।
ਚੁੰਮ ਕੇ ਤੇਗ਼ ਗਲੇ ਨਾਲ ਲਾਈ, ਸਿੱਖੀ ਸਬਰ ਵਖਾਇਆ।
ਲਾਡਪੁਰੀ ਦੁੱਖ ਹਿੰਦ ਦਾ ਵੰਡਾ ਲਿਆ।
ਦੁਖ ਦੁਖੀ..........................।



# ਕਲਗੀਧਰ ਮਾਛੀਵਾੜੇ

ਅੱਜ ਆਣ ਕੇ ਪੰਥ ਦਾ ਵਾਲੀ, ਘੂਕ ਸੁੱਤਾ ਕੰਡਿਆਂ ਤੇ।
ਜਿਹੜਾ ਹਿੰਦ ਕੀ ਕਰੇ ਰੱਖਵਾਲੀ।
ਘੂਕ ਸੁੱਤਾ....................।

..........................................................................................

ਸਿਰ ਉੱਤੇ ਦੁਖੜੇ ਸਹਾਰਦਾ ਉਹ ਆਇਆ ਏ।
ਸਿੱਖੀ ਲਈ ਪੁੱਤਰਾਂ ਦਾ ਖੂਨ ਵੀ ਵਹਾਇਆ ਏ।
ਇਹ ਤਾਂ ਹਿੰਦ ਦੇ ਬਾਗ ਦਾ ਮਾਲੀ।
ਘੂਕ ਸੁੱਤਾ....................।

ਸੂਲਾਂ ਤਿੱਖੀਆਂ ਤੇ ਏਸ ਆਸਣ ਵਿਛਾ ਲਿਆ।
ਢੀਮਾਂ ਦਾ ਤਾਂ ਏਸ ਨੇ ਸਰ੍ਹਾਣਾ ਸੀ ਬਣਾ ਲਿਆ।
ਅੱਜ ਦਿਸਦਾ ਬਾਜ ਤੋਂ ਖਾਲੀ।
ਘੂਕ ਸੁੱਤਾ....................।

ਦੇਸ਼ ਲਈ ਮਾਤਾ ਪਿਤਾ ਕੀਤੇ ਕੁਰਬਾਨ ਨੇ।
ਜੱਗ ਵਿੱਚ ਤਾਹੀਉਂ ਤਾਂ ਨਿਰਾਲੀ ਉਹਦੀ ਸ਼ਾਨ ਏ।
ਹਾਲੇ ਮੁਖੜੇ ਤੇ ਭੱਖਦੀ ਏ ਲਾਲੀ।
ਘੂਕ ਸੁੱਤਾ....................।

ਕੋਮਲ ਸਰੀਰ ਦਿੱਤਾ ਭੱਖੜੇ ਨੇ ਚੀਰ ਏ।
ਗਲ ਵਿੱਚ ਜਾਮਾ ਇਹਦੇ ਹੋਇਆ ਲੀਰੋ ਲੀਰ ਏ।
ਏਸ ਕਿਹੋ ਜਿਹੀ ਬਣਤ ਬਣਾਈ।
ਘੂਕ ਸੁੱਤਾ............................।

ਵੱਡੇ ਦੋਨੋ ਵਿੱਚ ਚਮਕੌਰ ਏਸ ਵਾਰ ਤੇ।
ਛੋਟੇ ਦੋਨੋ ਸਾਹਿਬਜ਼ਾਦੇ ਨੀਂਹਾਂ ਚ, ਖਲ੍ਹਾਰ ਤੇ।
ਲਾਡਪੁਰੀ ਸੁੱਤਾ ਦਰ ਦਾ ਸੁਆਲੀ।

# ਬਾਲ-ਗੁਰੂ ਦਾ ਉੱਤਰ

ਉਨ੍ਹਾਂ ਕੰਡਿਆਂ ਦੇ ਤਿੱਖੇ ਮੂੰਹ ਹੁੰਦੇ,
ਰਾਖੀ ਭਲਕ ਨੂੰ ਜੋ ਨੇ ਕਰਨ ਵਾਲੇ।
ਲਾਡਪੁਰੀ ਉਹ  ਮੌਤ ਨੂੰ ਟਿੱਚ ਜਾਨਣ,
ਹਾਮੀ ਕਿਸੇ ਮਜ਼ਲੂਮ ਲਈ ਭਰਨ ਵਾਲੇ।

..............................................................................................

ਲਓ ਪਿਤਾ ਜੀ ਸੌ ਦੀ ਇੱਕੋ ਗਲ ਮੈਂ ਹੁਣੇ ਸੁਣਾਵਾਂ।
ਬੁਝੇ ਹੋਏ ਦਿਲਾਂ ਦੇ ਉੱਤੇ, ਅੱਜ ਪੀੜਾਂ ਦੀ ਮੈਂ ਮਰ੍ਹਮ ਲਗਾਵਾਂ।

..............................................................................................

ਦੁਖੀ ਪੰਡਤ ਕਸ਼ਮੀਰੋਂ ਆਏ, ਦੁਖ ਇਨ੍ਹਾਂ ਦੇ ਹਰ ਦੇਵੋ।
ਝੋਲੀ ਇਨ੍ਹਾਂ ਗਰੀਬਾਂ ਦੀ ਨੂੰ, ਰਹਿਮਤ ਦੇ ਨਾ', ਭਰ ਦੇਵੋ।
ਆਪਾ ਭੁੱਲ ਕੇ ਦੁੱਖ ਇਨ੍ਹਾਂ ਦੇ ਝੋਲੀ ਦੇ ਵਿੱਚ ਪਾਵਾਂ।
ਬੁਝੇ ਹੋਏ......................।

ਬਿਨਾਂ ਤੁਸਾਂ ਦੇ ਕੌਣ ਇਨ੍ਹਾਂ ਮਜ਼ਲੂਮਾਂ ਨੂੰ ਪਰਚਾ ਸਕਦਾ।
ਡਰ ਤੇ ਖੌਫ ਭੁਲਾ ਕੇ ਦਿੱਲੀ ਸੀਸ ਕੌਣ ਕਟਵਾ ਸਕਦਾ।
ਦੇਸ਼ ਕੌਮ ਲਈ ਸੀਸ ਪਿਤਾ ਦਾ ਭੇਟਾ ਅੱਜ ਚੜ੍ਹਾਵਾਂ।
ਬੁਝੇ ਹੋਏ......................।

ਦੇਸ਼ ਕੌਮ ਲਈ ਅੱਜ ਪਿਤਾ ਜੀ ਵਾਰ ਦਿਉ ਜ਼ਿੰਦਗਾਨੀ।
ਸਿਰ ਦੇ ਕੇ ਅਜ ਦੇਸ਼ ਕੌਮ ਦੀ ਇੱਜ਼ਤ ਤੁਸੀਂ ਬਚਾਣੀ।
ਲਾਡਪੁਰੀ ਇੱਜ਼ਤ ਹਿੰਦ ਦੀ ਦਾ, ਬੀੜਾ ਅਜ ਉਠਾਵਾਂ।
ਬੁਝੇ ਹੋਏ......................।



# ਲੰਗਰ

ਆਪਾਂ ਨੇਕ ਕਮਾਈ ਆਹ, ਕਰੀਏ ਕਰਵਾ ਲਈਏ।
ਆਉ ਥੋੜ੍ਹੀ ਵਿੱਚੋਂ, ਇਹ ਲੰਗਰ ਤੇ ਲਾ ਲਈਏ।

..............................................................................................

ਗੁਰੂ ਅਮਰਦਾਸ ਜੀ ਲੰਗਰ ਦੀ, ਇਹ ਰਸਮ ਚਲਾਈ ਸੀ।
ਪਰ ਪਿਰਤ ਏਸ ਦੀ ਅਸਲੀ ਤਾਂ ਨਾਨਕ ਨੇ ਪਾਈ ਸੀ।
ਦਸਵੰਧ ਦੀ ਪਿਰਤ ਗੁਰਾਂ ਦੀ ਤੇ, ਆਉ ਫੁੱਲ ਚੜ੍ਹਾ ਦਈਏ।
ਆਉ ਥੋੜ੍ਹੀ ਏਸ ਵਿੱਚੋਂ........................।

ਲੰਗਰ ਛਕ ਖੁਸ਼ ਹੋ ਅਕਬਰ  ਜੱਗ ਧੁੰਮ ਪੁਆ ਦਿੱਤੀ।
ਹਰਮੰਦਰ ਦੀ ਧਰਤੀ ਭਾਨੀ ਨਾਮ ਕਰਾ ਦਿੱਤੀ।
ਨਦੀ ਨਹੀਂ ਘਟਣਾ ਨੀਰ ਕਦੀ, ਕੁਝ ਦਾਨ ਕਰਾ ਲਈਏ।
ਆਉ ਥੋੜ੍ਹੀ ਏਸ ਵਿੱਚੋਂ........................।

ਰੱਬ ਦਾ ਰੂਪ ਨੇ ਇਹ ਬੰਦੇ, ਸਤਿਗੁਰ ਫ਼ੁਰਮਾਉਂਦੇ ਨੇ।
ਭੁੱਖਿਆਂ ਦੇ ਢਿੱਡੀਂ ਪਾ ਝੁਲਕਾ, ਸ਼ੁਕਰ ਮਨਾਉਂਦੇ ਨੇ।
ਅੱਗੇ ਮਿਲਣਾ ਓਹੀ ਫਲ, ਹੱਥ ਨਾਲ ਖੁਆ ਦਈਏ।
ਆਉ ਥੋੜ੍ਹੀ ਏਸ ਵਿੱਚੋਂ........................।

ਭੁੱਖੇ ਰਹਿ ਵੀ ਲੋੜਵੰਦਾਂ ਦੀ ਝੋਲੀ ਭਰ ਦਈਏ।
ਮਿਹਰ ਸਵੱਲੀ ਰੱਬ ਦੀ ਦਾ ਸ਼ੁਕਰਾਨਾ ਕਰ ਦਈਏ।
ਲਾਡਪੁਰੀ ਲੰਗਰਾਂ ਵਿੱਚ ਆਓ ਹੱਥ ਵਟਾ ਦਈਏ।
ਆਉ ਥੋੜ੍ਹੀ ਏਸ ਵਿੱਚੋਂ........................।

# ਗੁਰਤਾ ਗੱਦੀ ਦਾ ਸੰਦੇਸ਼

ਮੁਟਿਆਰ

ਗੁਰਤਾ-ਗੱਦੀ ਦੇ ਸੰਦੇਸ਼ੇ ਉੱਤੇ ਫੁੱਲ ਚੜ੍ਹਾਈਏ।

ਆ ਜਾ ਮਾਹੀਆ ਵੇ, ਅਸੀਂ ਵੀ ਸਿੰਘ ਸੱਜ ਜਾਈਏ।

..................................................................................................

ਗਭਰੂ

ਕੜਾ, ਕੇਸ, ਕਿਰਪਾਨ, ਕਛਹਿਰਾ, ਕੰਘਾ ਅਸੀਂ ਸਜਾਉਣਾ।

ਆਪਣੇ ਗੁਰੂਆਂ ਦਾ ਦਿਤਾ ਬਾਣਾ ਪਾਉਣਾ।

..................................................................................................

ਮੁਟਿਆਰ

ਤਿੰਨ ਸੌ ਸਾਲ ਪਹਿਲਾਂ ਸੀ ਗੁਰੂਆਂ, ਗਿੱਦੜੋਂ ਸ਼ੇਰ ਬਣਾਇਆ।

ਪਾਹੁਲ ਪਿਆ ਕੇ ਅੰਮ੍ਰਿਤ ਦਾ, ਵੱਡਿਆਂ ਨੂੰ ਸਿੰਘ ਸਜਾਇਆ।

ਅੱਜ ਆਪਾਂ ਵੀ ਸਿੰਘ ਬਣਨੇ ਦਾ, ਕੌਲ ਜ਼ਰੂਰ ਪੁਗਾਈਏ।

ਆ ਜਾ ਮਾਹੀਆ ਵੇ..........................।

ਗਭਰੂ

ਜੇ ਤੂੰ ਸਿੰਘਣੀ ਸੱਜਣਾਂ ਅੜੀਏ, ਮੈਂ ਕਿਉਂ ਪਿੱਛੇ ਜਾਵਾਂ।

ਤੇਰੇ ਤੋਂ ਜਾ ਪਹਿਲਾਂ, ਮੈਂ ਤਾਂ ਆਪਣਾ ਨਾਂ ਲਿਖਵਾਵਾਂ।

ਅਗਲੀ ਦਰਗਾਹ ਜਾ ਕੇ ਆਪਾਂ, ਆਪਣਾ ਥਾਂ ਬਨਾਉਣਾ।

ਆਪਣੇ ਗੁਰੂਆਂ ਦਾ, ਦਿੱਤਾ ਬਾਣਾ ਪਾਉਣਾ।

ਮੁਟਿਆਰ

ਅੱਜ ਤੱਕ ਦਾੜ੍ਹੀ ਕੇਸ ਕਟਾਏ, ਹੁਣ ਨਹੀਂ ਕਦੀ ਕਟਾਉਣੇ।

ਅੰਮ੍ਰਿਤ ਵੇਲੇ ਰੋਜ਼ ਏ ਉੱਠਣਾ, ਪੰਜੇ ਪਾਠ ਸੁਣਾਉਣੇ।

ਤਦ ਅਰਦਾਸਾ ਕਰਕੇ ਆਪਾਂ ਸਭ ਦੀ ਖ਼ੈਰ ਮਨਾਈਏ।

ਆ ਜਾ ਮਾਹੀਆ ਵੇ..........................।



ਗਭਰੂ

ਵਾਲ ਕਦੇ ਨਾਂਹ ਕੱਟਾਂਗਾ, ਇਹ ਸਾਰੇ ਕੌਲ ਪੁਗਾਊਂ।

ਦਸਮ ਪਿਤਾ ਦੇ ਪੂਰਨਿਆਂ ਤੇ, ਚੱਲ ਤੇ ਅੱਜ ਵਖਾਊਂ।

ਆਓ ਬਣੀਏ ਪੂਰੇ ਗੁਰਸਿੱਖ, ਮੂੰਹ ਨਾਂਹ ਪਿਛਾਂਹ ਭੁਆਉਣਾ।

ਆਪਣੇ ਗੁਰੂਆਂ ਦਾ..........................।

ਮੁਟਿਆਰ

ਮੂੰਹ ਵਿੱਚ ਪਾਉਨਾ ਚੂਨਾ, ਜ਼ਰਦਾ, ਇਹ ਵੀ ਤਾਂ ਛੁੱਟ ਜਾਊ।

ਪੀ ਕੇ ਨਾਲੀਆਂ ਵਿੱਚ ਜੋ ਡਿਗਦੇਂ, ਧੱਕੇ ਨਾਂਹ ਹੁਣ ਖਾਊ।

ਝੂਠੇ ਨਸ਼ੇ ਇਹ ਛਡ ਕੇ ਆਪਾਂ, ਸਤਿਗੁਰ ਤਾਈਂ ਧਿਆਈਏ।

ਆ ਜਾ ਮਾਹੀਆ ਵੇ..........................।

ਗੱਭਰੂ

ਸੌ ਦੀ ਇਕ ਸੁਣਾ ਤੀ ਤੂੰ ਹੁਣ, ਨਸ਼ਾ ਕਦੇ ਨਹੀਂ ਕਰਨਾ।

ਨਾਂਹ ਪੀਣੀ ਨਾਂਹ ਡਿਗਣਾ ਕਿਧਰੇ ਨਾਂਹ ਡੰਨ ਕਿਧਰੇ ਭਰਨਾ।

ਕੌਲ ਜੋ ਤੇਰੇ ਨਾਲ ਇਹ ਕੀਤਾ ਵੇਖੀਂ ਕਿਵੇਂ ਪੁਗਾਉਣਾ।

ਆਪਣੇ ਗੁਰੂਆਂ ਦਾ..........................।

ਦੋਵੇਂ ਆ ਮਾਹੀਆ ਗੁਰਤਾ ਦਾ ਹੋਕਾ, ਘਰ ਘਰ ਦੇ ਵਿੱਚ ਲਾਈਏ।

ਲਾਡਪੁਰੀ ਕਿਧਰੇ ਨਾਂਹ ਭੁੱਲ ਉਹ ਦਸਮ ਪਿਤਾ ਭੁਲ ਜਾਈਏ।

ਮੁਟਿਆਰ ਆ ਜਾ ਮਾਹੀਆ ਵੇ ਅਸੀਂ ਵੀ ਸਿੰਘ ਸੱਜ ਜਾਈਏ।

ਗੱਭਰੂ ਆ ਮੁਟਿਆਰੇ ਨੀ ਅਸੀਂ ਵੀ ਸਿੰਘ ਸੱਜ ਜਾਈਏ।

ਦੋਵੇਂ ਦਸਵੇਂ ਗੁਰੂਆਂ ਨੂੰ ਆਪਾਂ ਸੀਸ ਨਿਵਾਈਏ।

# ਗੁਰੂ ਹਰਿਗੋਬਿੰਦ

ਹਰਗੋਬਿੰਦ ਪਿਆਰੇ, ਸਤਿਗੁਰ ਹਰ ਗੋਬਿੰਦ ਪਿਆਰੇ।
ਮੀਰੀ ਪੀਰੀ ਦੇ ਉਹ ਮਾਲਿਕ ਸਭ ਨੂੰ ਤਾਰਨ-ਹਾਰੇ।

.........................................................................................

ਜਾਮ-ਸ਼ਹੀਦੀ ਪੀਣ ਤੋਂ ਪਹਿਲਾਂ, ਹਰਗੋਬਿੰਦ ਬੁਲਾਏ।
ਮੀਰੀ-ਪੀਰੀ ਦੇ ਦੋਵੇਂ ਹੀ, ਸ਼ਸ਼ਤਰ ਪਿਤਾ ਸਜਾਏ।
ਅੱਜ ਤੋਂ ਪਿਛੋਂ ਦੁਸ਼ਮਣ ਨੂੰ, ਤੁਸਾਂ ਦਸਣੇ ਹੱਥ ਕਰਾਰੇ।
ਮੀਰੀ ਪੀਰੀ ਦੇ.......................।

ਹਰਗੋਬਿੰਦ ਜੀ ਸਭ ਸਿੰਘਾਂ ਨੂੰ, ਇਹ ਫੁਰਮਾਨ ਸੁਣਾਏ।
ਮੰਨੀ ਜਾਣੀ ਉਸ ਦੀ ਭੇਟਾ, ਸ਼ਸ਼ਤਰ ਜੋ ਲਿਆਏ।
ਘੋੜੇ ਜੰਗਜੂ ਤੁਸਾਂ ਲਿਆਉਣੇ, ਹਵਾ 'ਚ, ਉੱਡਣ-ਹਾਰੇ।
ਮੀਰੀ ਪੀਰੀ ਦੇ.......................।

ਨਿੱਤ ਕਸਰਤਾਂ ਕਰਦੇ ਸਾਰੇ, ਨਿੱਤ ਸ਼ਿਕਾਰ ਤੇ ਜਾਂਦੇ।
ਸ਼ੇਰਾਂ ਨੂੰ ਉਹ ਇਕੋ ਝਟਕੇ, ਪਲ ਵਿਚ ਮਾਰ ਮੁਕਾਂਦੇ।
ਬਾਜ਼ ਉਨ੍ਹਾਂ ਦਾ ਪਿਆਰਾ ਸਾਥੀ, ਲੜਦੇ ਉਹਦੇ ਸਹਾਰੇ।
ਮੀਰੀ ਪੀਰੀ ਦੇ.......................।

ਵੱਡੀਆਂ ਚਾਰ ਲੜਾਈਆਂ ਲੜੀਆਂ, ਜਿੱਤੀਆਂ ਜੰਗਾਂ ਚਾਰੇ।
ਜਹਾਂਗੀਰ ਵੀ ਤੱਕ ਦਲੇਰੀ, ਜਾਂਦਾ ਸੀ ਬਲਹਾਰੇ।
ਸੱਚੇ ਪਾਤਸ਼ਾਹ ਲੋਕੀਂ ਆਖਣ, ਜਾਂ ਸੱਚੀ ਸਰਕਾਰੇ।
ਮੀਰੀ ਪੀਰੀ ਦੇ.......................।

ਰਾਜੇ ਨੇ ਸੱਦ ਗੁਰਾਂ ਤਾਈਂ ਜਦ, ਜੇਲ੍ਹ ਦੇ ਅੰਦਰ ਪਾਇਆ।
ਨਾਲ ਉਨ੍ਹਾਂ ਤਾਂ ਕਈ ਰਾਜਿਆਂ ਨੂੰ ਆਜ਼ਾਦ ਕਰਾਇਆ।
ਬੰਦੀ-ਛੋੜ ਬਣੇ ਉਹ ਤਦ ਤੋਂ, ਹਰ ਕੋਈ ਇੰਜ ਪੁਕਾਰੇ।
ਮੀਰੀ ਪੀਰੀ ਦੇ.......................।

ਰਹਿਮਤ ਦੇ ਭੰਡਾਰੇ ਸਨ, ਇਸ ਰੰਗ ਵਿੱਚ ਸਭ ਨੂੰ ਰੰਗਦੇ।
ਇਕ ਕਲਮ ਨਾਲ ਸੱਤ ਸੱਤ ਪੁੱਤਾਂ, ਦੀ ਦਾਤਾਂ ਉਹ ਵੰਡਦੇ।
ਲਾਡਪੁਰੀ ਸਨ ਕਹਿੰਦੇ ਲੋਕੀਂ, ਹੇ ਸੱਚੀਏ ਸਰਕਾਰੇ।
ਮੀਰੀ ਪੀਰੀ ਦੇ.......................।



# ਗੁਰੂ ਹਰਕ੍ਰਿਸ਼ਨ ਜੀ

ਗੁਰੂ ਹਰਿਕ੍ਰਿਸ਼ਨ ਜੀ ਮਿਹਰਾਂ ਵੰਡਦੇ, ਮਿਹਰਾਂ ਦੇ ਭੰਡਾਰੇ।
ਇਕ ਝਲਕ ਨਾਂ' ਉਡ ਪੁਡ ਜਾਂਦੇ, ਦੁੱਖ ਭਾਰੇ ਤੋਂ ਭਾਰੇ।

.........................................................................................

ਨੂਰ ਇਲਾਹੀ ਮੱਥੇ ਤੇ ਸੀ, ਮੱਥੇ ਤੇ ਨੂਰਾਨੀ।
ਇਕ ਨਜ਼ਰੇ ਹੀ ਬੁੱਝ ਲੈਂਦੇ ਸਨ, ਦਿਲ ਦੀ ਸਭ ਕਹਾਣੀ।
ਜੋ ਵੀ ਆਇਆ ਦਰ ਉਨ੍ਹਾਂ ਦੇ, ਵਾਰੇ ਹੋ ਗਏ ਨਿਆਰੇ।
ਇਕ ਝਲਕ ਨਾਂ' ਉਡ ਪੁਡ ਜਾਂਦੇ....................।

ਦਿੱਲੀ ਸਾਰੀ ਤਦ ਚੇਚਕ ਨੇ, ਬੁਰੀ ਤਰ੍ਹਾਂ ਸੀ ਘੇਰੀ।
ਘਰ ਘਰ ਦੇ ਵਿੱਚ ਚੀਕਾਂ ਪਈਆਂ ,ਪੈ ਗਈ ਮੇਰਾ, ਮੇਰੀ।
ਲੋਕ ਗੁਰਾਂ ਨੂੰ ਕਹਿੰਦੇ ਹੁਣ ਤਾਂ ਉਡ ਗਏ ਸਭ ਸਹਾਰੇ।
ਇਕ ਝਲਕ ਨਾਂ' ਉਡ ਪੁਡ ਜਾਂਦੇ....................।

ਗੁਰਾਂ ਨੇ ਘਰ ਘਰ ਸੇਵਾ ਕੀਤੀ, ਸਭ ਦਾ ਦੁੱਖ ਵੰਡਾਇਆ।
ਮਾਨੋ ਉਹ ਮਸੀਹਾ ਬਣ ਕੇ, ਅੱਜ ਲੋਕਾਂ ਦਾ ਆਇਆ।
ਵਾਰ ਵਾਰ ਸ਼ੁਕਰਾਨਾ ਕਰਦੇ, ਇਹ ਸਾਰੇ ਦੇ ਸਾਰੇ।
ਇਕ ਝਲਕ ਨਾਂ' ਉਡ ਪੁਡ ਜਾਂਦੇ....................।

ਦੁੱਖ ਪੱਲੇ ਪਾ ਸਭ ਦਾ, ਅੱਜ ਸਭਨਾਂ ਨੂੰ ਸੁੱਖ ਵਰਤਾਇਆ।
ਤਦ ਦਿੱਲੀ ਦੇ ਲੋਕਾਂ ਨੂੰ ਵੀ, ਸਾਹ ਸੌਖਾ ਸੀ ਆਇਆ।
ਲਾਡਪੁਰੀ ਕਿਉਂ ਅਸੀਂ ਨ ਜਾਈਏ, ਸਤਿਗੁਰ ਤੋਂ ਬਲਹਾਰੇ।
ਇਕ ਝਲਕ ਨਾਂ' ਉਡ ਪੁਡ ਜਾਂਦੇ....................।

# ਵਾਹਿਗੁਰੂ ਨੂੰ

ਕਿਹੜੇ ਕੰਮ ਆਇਆ ਬੰਦਾ ਧਰਤ ਉਤੇ, ਆਪਣੀ ਹੋਂਦ ਨੂੰ ਉੱਕਾ ਭੁਲਾ ਬੈਠਾ।
ਉਸ ਵਾਹਿਗੁਰੂ ਦੀ ਟੇਕ ਛੱਡ ਉਹ ਤਾਂ, ਮੋਹ ਮਾਇਆ ਸੰਸਾਰ ਨਾਲ ਲਾ ਬੈਠਾ।
ਅੱਜ ਬਣੀ ਬੈਠਾ ਆਕੀ ਧਰਤ ਉੱਤੇ, ਭਲੇ ਬੁਰੇ ਦੀ ਰਹੀ ਪਹਿਚਾਣ ਕੋਈ ਨਾਂਹ।
ਲਾਡਪੁਰੀ ਉਹ ਹੋਰਾਂ ਨੂੰ ਟਿੱਚ ਜਾਣੇ, ਐਸਾ ਮਾਇਆ ਦੇ ਜਾਲ ਵਿੱਚ ਆ ਬੈਠਾ।

..............................................................................................

ਓ ਮਿਹਰਾਂ ਦਿਆ ਸਾਈਆਂ, ਸਾਨੂੰ ਆਣ ਬਚਾਵੀਂ ਤੂੰ।
ਇਸ ਭੁੱਲੇ ਇਨਸਾਨ ਨੂੰ, ਸਿੱਧੇ ਰਸਤੇ ਪਾਵੀਂ ਤੂੰ।

..............................................................................................

ਤੇਰੀ ਮਿਹਰਾਂ ਸਦਕਾ ਹੀ, ਲੋਕੀਂ ਇਹ ਜੀਂਦੇ ਨੇ।
ਤੇਰਾ ਖਾਂਦੇ, ਤੇਰਾ ਪਾਂਦੇ, ਤੇਰਾ ਹੀ ਪੀਂਦੇ ਨੇ।
ਐਵੇਂ ਨ ਭੋਲੇ ਬੰਦੇ, ਉਹਨੂੰ ਭੁੱਲ ਜਾਵੀਂ ਤੂੰ।
ਓ ਮਿਹਰਾਂ ਦਿਆਂ ਸਾਈਆਂ..............।

ਤੇਰੀ ਦਿੱਤੀ ਫੁਲਵਾੜੀ ਦਾ, ਨਿੱਘ ਹਾਂ ਮਾਣ ਰਹੇ।
ਹਰ ਬੰਦੇ ਵਿੱਚ ਤੂੰ ਵਸਦਾ ਏਂ, ਅਸੀਂ ਪਛਾਣ ਰਹੇ।
ਇਸ ਗੱਲ ਨੂੰ ਹੇ ਦਾਤਾ, ਸਭ ਦੇ ਕੰਨ ਸੁਣਾਵੀਂ ਤੂੰ।
ਓ ਮਿਹਰਾਂ ਦਿਆਂ ਸਾਈਆਂ..............।

ਨਿੱਤ ਉਠੀਏ ਵੇਲੇ ਸਿਰ, ਤੇਰਾ ਨਾਮ ਧਿਆ ਲਈਏ।
ਗੁਣ ਤੇਰੀ ਮਹਿਮਾਂ ਦੇ ਆਪਾਂ ਸਾਰੇ ਗਾ ਲਈਏ।
ਸਭ ਬੰਦਿਆਂ ਨੂੰ ਚੇਟਕ ਤੇ, ਆਹ ਭਟਕਣ ਲਾਵੀਂ ਤੂੰ।
ਓ ਮਿਹਰਾਂ ਦਿਆਂ ਸਾਈਆਂ..............।

ਘੋਰ ਆਹ, ਕਲਯੁੱਗ ਵਿੱਚੋਂ, ਏਥੇ ਵਿਰਲਾ ਬੱਚ ਸਕਦਾ।
ਸਿਦਕ ਵਾਗਿਹੁ ਉਤੇ ਕੋਈ, ਵਿਰਲਾ ਹੀ ਰੱਖ ਸਕਦਾ।
ਕਲਯੁਗ ਵਿੱਚ ਵੀ ਬਾਣੀ ਦੀ, ਇਹ ਚੇਟਕ ਲਾਵੀਂ ਤੂੰ।
ਓ ਮਿਹਰਾਂ ਦਿਆਂ ਸਾਈਆਂ..............।



ਬੰਦਾ ਬੰਦੇ ਨਾਲ ਲੜੇ ਕਿਉਂ, ਇਹ ਗੱਲ ਜਾਣ ਲਈਏ।
ਹੋਂਦ ਤੇਰੀ ਇਹ ਹਰ ਬੰਦੇ ਦੇ ਵਿੱਚ ਪਛਾਣ ਲਈਏ।
ਅਮਨ-ਸੁਨੇਹਾ ਮਾਲਿਕ ਦਾ ਘਰ ਘਰ ਪਹੁੰਚਾਵੀਂ ਤੂੰ।
ਓ ਮਿਹਰਾਂ ਦਿਆਂ ਸਾਈਆਂ..............।

ਸੇਵਾ ਕਰੀਏ, ਬੰਦਗੀ ਨੂੰ ਜੀਵਨ ਵਿੱਚ ਭਰ ਲਈਏ।
ਕਿਰਤ ਕਮਾਈ ਵਿੱਚੋਂ ਆਪਾਂ, ਦਾਨ ਵੀ ਕਰ ਲਈਏ।
ਲਾਡਪੁਰੀ ਅੱਜ ਏਸ ਗ਼ਰੀਬ ਤੇ ਮਿਹਰ ਕਰਾਂਵੀਂ ਤੂੰ।
ਓ ਮਿਹਰਾਂ ਦਿਆਂ ਸਾਈਆਂ..............।

# ਸਚਾਈ

ਯੋਧੇ ਦੁਨੀਆਂ 'ਚ ਆਉਂਦੇ ਤੇ ਰਹੇ ਜਾਂਦੇ,
ਚੱਕਰ ਜ਼ੁਲਮ ਦਾ ਕਿਸੇ ਨਾਂਹ ਥੰਮਿਆਂ ਏ।
ਲਾਡਪੁਰੀ ਇਸ ਜਬਰ ਨੂੰ ਰੋਕਣੇ ਲਈ,
ਇਕੋ ਮਰਦ ਅਗੰਮੜਾ ਜੰਮਿਆ ਏ।

# ਮਹਿਮਾ ਗੁਰੂ ਹਰ ਰਾਏ ਜੀ

ਗੁਰੂ ਹਰ ਰਾਏ ਤੇਰੀ ਮਹਿਮਾ ਕਿਹੜੇ ਸ਼ਬਦਾਂ ਨਾਲ ਗਾ ਲਈਏ।
ਤੇ ਮਹਿਮਾ ਗਾ ਕੇ ਸਦਾ ਲਈ, ਇਹ ਜੀਵਨ ਸਫ਼ਲ ਬਣਾ ਲਈਏ।

.................................................................................................

ਇਕ ਨੂਰ ਇਲਾਹੀ ਮੁੱਖ ਉੱਤੇ, ਤੇ ਇਕ ਨੂਰਾਨੀ ਚਿਹਰਾ ਸੀ।
ਤੂੰ ਦੀਨ ਦੁਖੀ ਦਾ ਦਰਦੀ ਸੀ, ਪਰਬਤ ਜਿੱਡਾ ਇਹ ਜ਼ੇਰਾ ਸੀ।
ਝਲਕਾਰ ਨੂਰਾਨੀ ਚਿਹਰੇ ਦੀ, ਆਪਾਂ ਵੀ ਅੱਜ ਤਾਂ ਪਾ ਲਈਏ।
ਗੁਰੂ ਹਰ ਰਾਏ ਤੇਰੀ ਮਹਿਮਾ..................।

ਦੂਰੋਂ ਦੂਰੋਂ ਸੰਗਤ ਚਲ ਕੇ, ਦੀਦਾਰ ਕਰਨ ਲਈ ਆਉਂਦੀ ਸੀ।
ਤੇ ਤਾਂਘ ਤੇਰੇ ਦੀਦਾਰੇ ਦੀ, ਰਾਜੇ ਵੀ ਖਿੱਚ ਲਿਆਉਂਦੀ ਸੀ।
ਤੇਰੀ ਮਹਿਮਾ ਦੀ ਖੁਸ਼ਬੋਈ ਨੂੰ, ਆਪਣੇ ਵਿੱਚ ਸਮਾ ਲਈਏ।
ਗੁਰੂ ਹਰ ਰਾਏ ਤੇਰੀ ਮਹਿਮਾ..................।

ਮਾਝਾ ਤੇ ਘੋਰ ਦੁਆਬਾ ਇਹ, ਛੋਹ ਤੇਰੀ ਪਾਉਣਾ ਚਾਹੁੰਦੇ ਸਨ।
ਤੇਰੇ ਤਾਂ ਇੱਕ ਇੱਕ ਬੋਲ ਉੱਤੇ, ਸ਼ਰਧਾ ਦੇ ਫੁੱਲ ਚੜ੍ਹਾਉਂਦੇ ਸਨ।
ਸਿੱਖੀ ਦੇ ਉਸ ਪ੍ਰਚਾਰ ਵਿਚੋਂ, ਆਪਾਂ ਵੀ ਕੁਝ ਅਪਨਾ ਲਈਏ।
ਗੁਰੂ ਹਰ ਰਾਏ ਤੇਰੀ ਮਹਿਮਾ..................।

ਤੂੰ ਰੋਹਤਕ ਅਤੇ ਹਿਸਾਰ ਤਾਂਈਂ, ਸਿੱਖੀ ਸੰਦੇਸ਼ ਪੁਚਾ ਦਿੱਤਾ।
ਤੇ ਸਿੱਖੀ ਦਾ ਇਹ ਡੰਕਾ ਤੂੰ, ਪਟਿਆਲੇ ਤਾਈਂ ਵਜਾ ਦਿੱਤਾ।
ਰੱਬੀ ਪ੍ਰਚਾਰ ਦੀ ਲਾਡਪੁਰੀ, ਆਪਾਂ ਵੀ ਛੋਹ ਇਹ ਲਾ ਲਈਏ।
ਗੁਰੂ ਹਰ ਰਾਏ ਤੇਰੀ ਮਹਿਮਾ..................।



# ਆਨੰਦਪੁਰੀ (ਮੇਲੇ ਦਾ ਦ੍ਰਿਸ਼)

ਵੇਖੋ ਅੱਜ ਆਨੰਦਪੁਰੀ ਕਿੰਵ ਲਿਸ਼ਕਾਂ ਮਾਰੇ।
ਝੰਡੇ ਉੱਚੇ ਝੂਲਦੇ ਕੇਸਰ ਦਸਤਾਰੇ।
ਹਾਥੀ ਖੜੇ ਪਹਾੜ ਜਿਉਂ ਕਿੰਵ ਲਗਦੇ ਭਾਰੇ।
ਦਰਗੜ ਘੋੜੇ ਦੌੜਦੇ ਇੰਜ ਸਣੇ ਸਵਾਰੇ।

ਜਿਉਂ ਤੋਪਾਂ ਦੇ ਚੱਲਦੇ ਨੇ ਸ਼ੋਰੇ ਭਾਰੇ।
ਲਿਸ਼ਕਣ ਤੇਗਾਂ ਬਰਛੀਆਂ ਮਾਰਨ ਲਿਸ਼ਕਾਰੇ।
ਏਧਰ ਜ਼ੋਰੀਂ ਵੱਜਦੇ ਨੇ, ਢੋਲ ਨਗਾਰੇ।
ਕੇਸਰੀ ਰੰਗ ਦੀਆਂ ਪਗੜੀਆਂ ਕਿੰਵ ਬੰਨ੍ਹੇ ਨਜ਼ਾਰੇ।

ਸੂਰੇ ਗੱਜਣ ਮੈਦਾਨ ਵਿੱਚ ਨਾਂਹ ਭੱਜਣ-ਹਾਰੇ।
ਦੁਸ਼ਮਣ ਨਾਲ ਜਾਂ ਜੂਝਦੇ ਹੱਥ ਦੱਸਣ ਕਰਾਰੇ।
ਛੋਟੇ ਛੋਟੇ ਬੱਚਿਆਂ ਲਾਏ ਦਸਤਾਰੇ।
ਕਿੰਨੇ ਸੁਹਣੇ ਲਗਦੇ ਉਹ ਪਿਆਰੇ ਪਿਆਰੇ।

ਛਣ ਛਣ ਕਰਦੇ ਸਾਜ਼ਾਂ ਦੇ ਵੱਜਣ ਛਣਕਾਰੇ।
ਵੇਖੋ ਲੋਕੀਂ ਲੱਭਦੇ ਨੇ ਕੂੰਟਾਂ ਚਾਰੇ।
ਗੱਤਕੇ ਦੇ ਫੱਟ ਜਾਪਦੇ ਮਾਰੇ ਕਿ ਮਾਰੇ।
ਕਿਧਰੇ ਭੰਗਾਂ ਘੋਟਦੇ ਨਿਹੰਗ ਪਿਆਰੇ।

ਭੰਗੜੇ ਦਾ ਆਹ ਨੌਜਵਾਨ ਬੁਲਬੁਲੀਆਂ ਮਾਰੇ।
ਵਾਹ ਵਾਹ ਪੁਰੀ ਆਨੰਦਪੁਰ ਤੈਥੋਂ ਬਲਹਾਰੇ।
ਲਾਡਪੁਰੀ ਇਸ ਪੁਰੀ ਦੇ ਕਰ ਲੌ ਦੀਦਾਰੇ।
ਇਹ ਤਾਂ ਢਹਿੰਦੇ ਦਿਲਾਂ ਨੂੰ ਵੀ ਦਏ ਹੁਲਾਰੇ।

# ਫਾਨੀ ਜੱਗ

ਜੱਗ ਇਹ ਇਕ ਸਰਾਂ, ਇਹ ਤਾਂ ਦੋ ਦਿਨ ਦਾ ਬਸੇਰਾ ਏ।
ਚੰਗੇ ਮੰਦੇ ਬੰਦਿਆਂ ਦਾ ਤਾਂ, ਓਸੇ ਥਾਂ ਹੋਣਾ ਨਬੇੜਾ ਏ।

.......................................................................................................

ਪੂੰਜੀ ਓਸੇ ਦਰਗਾਹ ਲਈ, ਤੂੰ ਜੋੜੀਂ ਮੇਰੇ ਯਾਰਾ।
ਪਾਪਾਂ ਦਾ ਕਿਉਂ ਚੁੱਕੀ ਫਿਰਦੈਂ, ਭਾਰ ਏ ਤੂੰ ਤੇ ਭਾਰਾ।
ਤਿਰੀ ਮਿਰੀ ਦੀ ਰੱਟ ਕਾਹਦੀ ਨ ਤੇਰਾ ਤੇ ਨਾਂਹ ਮੇਰਾ ਏ।
ਚੰਗੇ ਮੰਦੇ ਬੰਦਿਆਂ ਦਾ.......................।

ਨਾਨਕ ਨਾਮ ਦੀ ਪੂੰਜੀ ਹੀ ਇਕ ਸਾਥ ਦਊ ਬੰਦੇ।
ਆਹ ਪੂੰਜੀ ਜੋ ਝੂਠਾਂ ਦੀ, ਏਸੇ ਥਾਂ ਰਹੂ ਬੰਦੇ।
ਤੈਨੂੰ ਟੁੰਬ ਟੁੰਬ ਕੇ ਕਿੰਵ ਕਹਿੰਦਾ, ਆਉਂਦਾ ਉਹ ਤਾਂ ਨ੍ਹੇਰਾ ਏ।
ਚੰਗੇ ਮੰਦੇ ਬੰਦਿਆਂ ਦਾ.......................।

ਕਿਰਤ ਹੱਥਾਂ ਨਾਲ ਕਰੀਂ, ਦਾਨ ਕਰ ਓਸ ਸਵੇਰੇ ਲਈ।
ਜਪ ਕਰ ਉਸ ਮਾਲਿਕ ਦਾ, ਭਵਿੱਖ ਦੇ ਓਸ ਹਨੇਰੇ ਲਈ।
ਵਾਜਾਂ ਮਾਰ ਕੇ ਕਹਿੰਦਾ, ਆਉਂਦਾ ਉਹ ਸਵੇਰਾ ਏ।
ਚੰਗੇ ਮੰਦੇ ਬੰਦਿਆਂ ਦਾ.......................।

ਬੰਦੇ ਉਸ ਦੇ ਓਸੇ ਨੇ ਹੀ ਸਭ ਬਣਾਏ ਨੇ।
ਜੱਗ ਵਿੱਚ ਵੰਡੀਆਂ ਪਾ, ਐਵੇਂ ਤੂੰ ਵੈਰ ਵਧਾਏ ਨੇ।
ਲਾਡਪੁਰੀ ਜੱਗ ਫ਼ਾਨੀ ਵਿੱਚ ਤੂੰ ਲਾਇਆ ਡੇਰਾ ਏ।
ਚੰਗੇ ਮੰਦੇ ਬੰਦਿਆਂ ਦਾ.......................।



# ਸਿਦਕ

ਕਿਸੇ ਪੁੱਛਿਆ ਜਾ ਕੇ ਸਿਦਕ ਕੋਲੋਂ, ਕੀ ਗੁਰ ਤੇਰੇ ਕੋਲ ਭਾਰਾ ਏ?
ਕਿ ਜ਼ੁਲਮ ਤੋਂ ਤੂੰ ਤਾਂ ਡੋਲੇਂ ਨਾਂਹ, ਭਾਵੇਂ ਕਿੰਨਾ ਹਤਿਆਰਾ ਏ।
ਨਾਂਹ ਤੱਤਾ ਪਾਣੀ ਹੀ ਪੋਂਹਦਾ, ਬੰਦ ਬੰਦ ਕਟਵਾਉਣੋਂ ਡਰਦਾ ਨਾਂਹ,
ਨਾਂਹ ਅੱਗ ਦਾ ਤੈਨੂੰ ਸੇਕ ਲੱਗੇ, ਨਾਂਹ ਪੋਂਹਦਾ ਤੈਨੂੰ ਆਰਾ ਏ।
ਇਹ ਸਿਦਕ ਬੋਲਿਆ ਅੱਗੋਂ ਕਿ, ਸਤਿਗੁਰ ਦੀ ਸਾਰੀ ਮਾਇਆ ਏ।
ਸਤਿਗੁਰ ਨੇ ਪਹਿਲਾਂ ਸਿਦਕ ਸਹਿਆ, ਫਿਰ ਜੱਗ ਨੂੰ ਉਸ ਵਰਤਾਇਆ ਏ।
ਜੇ ਸਤਿਗੁਰ ਪਰਖ ਕਰਾਉਂਦੇ ਨਾਂਹ, ਸਾਨੂੰ ਕਿਸਨੇ ਅਜ਼ਮਾਉਣਾ ਸੀ?
ਖੋਪਰ ਲੱਥਦੇ ਨਾਂਹ ਰੰਬੀਆਂ ਨਾਲ, ਚਰੱਖੜੀ ਤੇ ਕਿਸ ਚੜ੍ਹਾਉਣਾ ਸੀ?
ਲੈ ਕੇ ਟੋਟੇ ਪੁੱਤਰਾਂ ਦੇ ਕੋਈ, ਆਪਣੀ ਝੋਲੀ ਵਿੱਚ ਪਾਉਂਦਾ ਨਾਂਹ,
ਪੁੱਠੀ ਕਿਸ ਖੱਲ ਲਹਾਉਣੀ ਸੀ, ਨੀਹਾਂ ਵਿੱਚ ਕਿਸ ਚਿਣਵਾਉਂਣਾ ਸੀ।
ਨਾਂਹ ਕੌਤਕ ਆਪਣਾ ਦਿਖਲਾਉਣਾ, ਸਤਗਿਰ ਨੇ ਰੀਤ ਚਲਾਈ ਸੀ।
ਭਾਣਾ ਮੰਨਣ ਦੀ ਨੀਤੀ ਵੀ, ਸਤਿਗੁਰ ਨੇ ਹੀ ਸਮਝਾਈ ਸੀ।
ਪੰਜਵੇਂ ਗੁਰ ਨੇ ਸੀ ਮੁੱਢ ਬੰਨ੍ਹਿਆ, ਨਾਵੇਂ ਗੁਰ ਤੋੜ ਚੜ੍ਹਾ ਦਿੱਤਾ।
ਉਨ੍ਹਾਂ ਭੇਤ ਉੱਕਾ ਹੀ ਦਿੱਤਾ ਨਾਂਹ, ਭਾਵੇਂ ਆਹ ਸੀਸ ਕਟਾ ਦਿੱਤਾ।
ਮੇਰੀ ਮਰਜ਼ੀ ਤੇ ਜੇ ਚਲਣਾ, ਤਾਂ ਸਿਰੜੀ ਹੈ ਬਣਨਾ ਪੈਣਾ।
ਮਨ ਨੂੰ ਤਕੜਾ ਕਰ ਲਾਡਪੁਰੀ, ਦੁੱਖ ਖਿੜੇ ਮੱਥੇ ਜਰਨਾ ਪੈਣਾਂ।

# ਰਹਿਤ

ਰਹਿਤ ਸਿੱਖੀ ਦੀ ਕੀ ਏ, ਰਹਿਤਾਂ ਵਿੱਚ ਕੀ ਦਸ ਛੁਪਾਇਆ?
ਗੁਰਾਂ ਨੇ ਸਾਨੂੰ ਗੁਰ, ਵੱਡਮੁੱਲਾ ਖੋਲ੍ਹ ਸੁਣਾਇਆ।

.........................................................................................

ਕੜਾ ਨਿਸ਼ਾਨ ਗੁਰਾਂ ਦਾ ਸੇਵਕ, ਇਹ ਉਸ ਦੀ ਪਹਿਚਾਣ।
ਰੱਬ ਦੀਆਂ ਦਾਤਾਂ ਨਾਸ਼ ਨਾ ਕਰਨਾ, ਰੱਖਣੇ ਕੇਸ ਨਿਸ਼ਾਨ।
ਕੰਘਾ ਇਨ੍ਹਾਂ ਨੂੰ ਸਾਫ਼ ਏ ਕਰਦਾ, ਇਹ ਉਸ ਦਾ ਸਰਮਾਇਆ।
ਗੁਰਾਂ ਨੇ ਸਾਨੂੰ ਗੁਰ....................।

ਕਛਹਿਰਾ, ਚੁੰਨੀ, ਪਗੜੀ ਪਾ ਕੇ ਸਭਿਆਵਾਨ ਕਹਾਈਏ।
ਕਿਰਪਾਨ ਏਸ ਦੀ ਰਖਿਆ ਲਈ, ਤਾਂਹੀਉਂ ਦਸਤਾਰ ਸਜਾਈਏ।
ਜ਼ੁਲਮ ਨ ਸਹਿੰਦਾ ਸਿੱਖ, ਨਾਂਹ ਬਿਨ ਗੱਲੋਂ ਕੋਈ ਹੋਰ ਡਰਾਇਆ।
ਗੁਰਾਂ ਨੇ ਸਾਨੂੰ ਗੁਰ....................।

ਮੂੰਹ ਨ੍ਹੇਰੇ ਇਸਨਾਨ ਕਰੇ, ਪੰਜ ਬਾਣੀਆਂ ਨਿੱਤ ਜਪਾਵੇ।
ਸ਼ਾਮ ਨੂੰ ਰਹਿਰਾਸ ਸਾਹਿਬ, ਜਪਣੇ ਦੀ ਆਦਤ ਪਾਵੇ।
ਗੁਰਦੁਆਰੇ ਨਿੱਤ ਜਾਣਾ, ਮੂੰਹ ਵਿੱਚ ਸਤਨਾਮ ਸਮਾਇਆ।
ਗੁਰਾਂ ਨੇ ਸਾਨੂੰ ਗੁਰ....................।

ਮਾਂ, ਧੀ, ਭੈਣ ਦੀ ਇੱਜ਼ਤ ਕਰਨੀ, ਉਸ ਦੀ ਰਖਿਆ ਕਰਨੀ।
ਕਰਨੀ ਕਿਰਤ ਤੇ ਸੱਚ ਬੋਲਣਾ, ਗ਼ਰੀਬ ਦੀ ਹਾਮੀ ਭਰਨੀ।
ਬਚਣਾਂ ਨਿੰਦਿਆਂ ਤੋਂ ਤੇ, ਹੱਕ ਨਾਂਹ ਖਾਣਾ ਕਦੇ ਪਰਾਇਆ।
ਗੁਰਾਂ ਨੇ ਸਾਨੂੰ ਗੁਰ....................।

ਚੋਰ ਉਚੱਕਾ ਬਣਨਾ ਨਹੀਂ, ਤੇ ਹੱਥੀਂ ਦਾਨ ਹੈ ਕਰਨਾ।
ਪੰਗਤ ਸੰਗਤ ਦੇ ਵਿੱਚ ਰਹਿ, ਨਾਂਹ ਡੰਨ ਕਿਸੇ ਦਾ ਭਰਨਾ।
ਲਾਡਪੁਰੀ ਇਹ ਰਹਿਤਾਂ ਨੇ, ਸਤਿਗੁਰ ਦਾ ਇਹ ਸਰਮਾਇਆ।
ਗੁਰਾਂ ਨੇ ਸਾਨੂੰ ਗੁਰ....................।



# ਰੱਬ

ਜਿਹਦੀ ਹਰ ਇਕ ਫ਼ਿਜ਼ਾ ਅੰਦਰ, ਉਹਦੇ ਪਿਆਰਾਂ ਦੀ ਪਰਛਾਈ।
ਜਿਹਦੀ ਰਗ਼ ਰਗ਼ ਦੇ ਅੰਦਰ, ਹੋਂਦ ਉਸਦੀ ਹੈ ਅਸਾਂ ਪਾਈ।
ਜਿਹਦੀ ਹਰ ਇਕ ਤਰੱਨਮ ਵਿੱਚ, ਇਲਾਹੀ ਸਾਜ ਹੈ ਵਜਦਾ।
ਜਿਹਦੇ ਇੱਕੋ ਇਸ਼ਾਰੇ ਤੇ ਹੈ, ਇਹ ਸੰਸਾਰ ਸਭ ਚਲਦਾ।
ਜਿਹਦੇ ਇਕ ਹੁਕਮ ਬਿਨ, ਪੱਤਾ ਕਦੇ ਵੀ ਹਿੱਲ ਨਹੀਂ ਸਕਦਾ।
ਜਿਹਦੀ ਮਿਹਰਾਂ ਤੋਂ ਬਿਨ, ਭੋਜਨ ਤੇ ਪਾਣੀ ਮਿਲ ਨਹੀਂ ਸਕਦਾ।
ਉਹ ਅਰਸ਼ਾਂ ਵਿੱਚ ਵੀ ਵੱਸੇ, ਤੇ ਫਰਸ਼ਾਂ ਵਿੱਚ ਵੀ ਵਾਸਾ।
ਉਹ ਢਹਿ ਢੇਰੀ ਕਰਾ ਦਿੰਦਾ, ਜਦੋਂ ਉਹ ਪਲਟਦਾ ਪਾਸਾ।
ਉਹਦੀ ਮਿਹਰਾਂ ਨੂੰ ਹੀ ਤਾਂ, ਤਰਸਦਾ ਸਾਰਾ ਜ਼ਮਾਨਾ ਏਂ।
ਉਹੀ ਮਿਹਰਾਂ ਦਾ ਭਰਿਆ ਜਾਪਦਾ, ਸਾਰਾ ਖ਼ਜ਼ਾਨਾ ਏਂ।
ਜੇ ਜੀ ਚਾਹਵੇ ਉਹਦਾ ਤਾਂ ਛਤਰ ਸਿਰ ਉੱਤੇ ਝਲਾ ਦੇਵੇ।
ਜੇ ਜੀਅ ਚਾਹਵੇ ਤਾਂ, ਸਾਡੇ ਏਸ ਹੱਥ ਠੂਠਾ ਫੜਾ ਦੇਵੇ।
ਉਹੀ ਵਹਿਣਾਂ ਦੇ ਅੰਦਰ ਵਹਿ ਰਿਹਾ, ਚਮਨਾਂ 'ਚ ਖਿੜਦਾ ਏ।
ਫਿਜ਼ਾਅ ਵਿੱਚ ਓਸਦੇ ਸਾਰੇ, ਇਲਾਹੀ ਰੂਪ ਛਿੜਦਾ ਏ।
ਇਨ੍ਹਾਂ ਲੋਕਾਂ ਨੇ ਪੂਜਣ ਲਈ, ਤਾਂ ਵੱਖ-ਵੱਖ ਨਾਂ ਬਣਾਇਆ ਏ।
ਉਹਦੀ ਗੁੱਝੀ ਆਹ ਰਮਜ਼ਾਂ ਦਾ, ਕਿਸੇ ਨਾਂਹ ਭੇਤ ਪਾਇਆ ਏ।
ਉਹਦੇ ਭੇਤਾਂ ਦਾ ਜੰਦਰਾ ਖੋਲ੍ਹਣਾ, ਇਹ ਲੋਕ ਚਾਹੁੰਦੇ ਨੇ।
ਉਹਦੇ ਬੰਦੇ ਇਹ, ਵੱਖ ਵੱਖ ਰੂਪ ਵਿੱਚ ਉਹਨੂੰ ਸਲਾਹੁੰਦੇ ਨੇ।
ਇਹ ਰੱਬ ਤੇ ਈਸ਼ਵਰ, ਅੱਲਾ, ਖ਼ੁਦਾਅ ਤੇ ਵਾਹਿਗੁਰੂ ਸਾਰੇ।
ਓਸੇ ਦਾ ਰੂਪ ਨੇ ਕੁਰਾਨ, ਬਾਈਬਲ ਵੇਦ ਇਹ ਚਾਰੇ।
ਉਹਦੀ ਉਸਤਤ ਲਈ, ਵੱਖ-ਵੱਖ ਇਹ ਸ਼ਬਦਾਂ 'ਚ, ਸਲਾਹਿਆ ਏ।
ਨ ਉਸਦੇ ਭੇਤ ਦਾ ਇਹ ਅੰਤ ਹੀ, ਆਪਾਂ ਨੇ ਪਾਇਆ ਏ।
ਕਿਵੇਂ ਕੋਈ ਕਹਿ ਇਹ ਸਕਦਾ ਏ, ਇਹ ਦੁਨੀਆਂ ਕਿੰਵ ਬਣਾਈ ਉਸ।
ਓਸੇ ਦਾ ਭੇਤ ਉਹ ਜਾਣੇ, ਕਿਵੇਂ ਇਹ ਟੋਰ ਲਾਈ ਉਸ।
ਟੁਰਦਾ ਟੋਰ ਆਪਣੀ ਲਾਡਪੁਰੀ, ਟੁਰਦਾ ਹੀ ਜਾਊਗਾ।
ਜ਼ਮਾਨਾ ਓਸਦੇ ਭੇਤਾਂ ਦਾ, ਨਾਂਹ ਇਹ ਅੰਤ ਪਾਊਗਾ।

# ਨਿੱਤਨੇਮ

ਨਿੱਤ ਨੇਮ ਬੰਦੇ ਭੁਲ ਨ ਭੁਲਾਵੀਂ, ਹੋਰ ਭਾਵੇਂ ਸੱਭ ਭੁਲ ਜਾਂਈਂ।
ਸੁਬ੍ਹਾ, ਸ਼ਾਮ ਬੰਦੇ ਓਸ ਨੂੰ ਧਿਆਂਈਂ, ਕਿਤੇ ਨਾਂਹ ਮਾਇਆ ਉੱਤੇ ਡੁਲ੍ਹ ਜਾਈਂ।

.................................................................................................

ਨਾਮ ਹੈ ਜੀਵਨ ਦਾ ਸਰਮਾਇਆ, ਜਪ ਲੈ ਅਤੇ ਜਪਾ ਲੈ।
ਅਗਲੀ ਉਸ ਦਰਗਾਹ ਦੇ ਲਈ ਵੀ, ਬੰਦਿਆਂ ਕੁਝ ਬਚਾ ਲੈ।
ਫ਼ਾਨੀ ਜੱਗ ਵਿੱਚ ਸਾਂਝ ਨ ਤੂੰ ਪਾਂਈਂ।
ਹੋਰ ਭਾਵੇਂ ਸਭ ਭੁਲ ਜਾਈਂ.................।

ਪੁੰਨ, ਦਾਨ, ਸੇਵਾ ਤੇ ਭਗਤੀ, ਇਹ ਕੰਮ ਤੇਰੇ ਆਣਾ।
ਝੂਠ ਅਡੰਬਰ ਰਹਿਣੇ ਏਥੇ, ਨਾਲ ਕਿਸੇ ਨਹੀਂ ਜਾਣਾ।
ਦੁਨੀਆਂ ਕੌੜਾ ਸੱਚ ਕਹਿ ਕੇ ਬੁਲਾਂਈਂ।
ਹੋਰ ਭਾਵੇਂ ਸਭ ਭੁਲ ਜਾਈਂ.................।

ਇਹ ਮਾਇਆ ਤੇ ਮਹਿਲ ਮਾੜੀਆਂ ਮੋਹ ਮਾਇਆ ਦੇ ਧੰਦੇ।
ਸਾਡੇ ਜੀਵਨ ਦੇ ਬਣ ਬੈਠੇ, ਅੱਜ ਤਾਂ ਇਹ ਸਭ ਫੰਧੇ।
ਕੁਝ ਪਲ ਉਹਦੇ ਨਾਮ ਲਈ ਬਚਾਂਈਂ।
ਹੋਰ ਭਾਵੇਂ ਸਭ ਭੁਲ ਜਾਈਂ.................।

ਮੇਰੀ ਮੇਰੀ ਕਰਦਾਂ ਬੰਦਿਆ ਨਾਂਹ ਤੇਰੀ ਨਾਂਹ ਮੇਰੀ।
ਇਹ ਜੀਵਨ ਤਾਂ ਬਣ ਜਾਣਾ ਏਂ, ਅੰਤ ਖ਼ਾਕ ਦੀ ਢੇਰੀ।
ਝੂਠੇ ਜੱਗ ਨਾਲ ਚਿੱਤ ਨਾਂਹ ਤੂੰ ਲਾਈਂ।
ਹੋਰ ਭਾਵੇਂ ਸਭ ਭੁਲ ਜਾਈਂ.................।

ਕੂੜ ਦਾ ਮੂਲੋਂ ਜੀਵਨ ਉਤੇ ਪੈਣ ਦਈਂ ਨਾਂਹ ਛਾਇਆ।
ਇਕ ਓਂਕਾਰ ਦੀ ਪੂੰਜੀ ਦਾ ਕੱਠਾ ਕਰ ਤੂੰ ਸਰਮਾਇਆ।
ਲਾਡਪੁਰੀ ਸਰਮਾਏ ਇਸ ਨਾਲ ਜੀਵਨ ਸਫਲ ਬਣਾਈਂ।
ਹੋਰ ਭਾਵੇਂ ਸਭ ਭੁਲ ਜਾਈਂ.................।



ਗਜ਼ਲ

# ਰਹਿਮਤ

ਉਹਦੀ ਰਹਿਮਤ ਨੂੰ ਪਾਉਣੇ ਲਈ, ਇਹ ਸੰਗਤ ਹੀ ਜ਼ਰੂਰੀ ਏ।
ਉਹਦੀ ਰਹਿਮਤ ਤੋਂ ਬਿਨ, ਇਹ ਜ਼ਿੰਦਗੀ ਸਾਡੀ ਅਧੂਰੀ ਏ।
ਗੁੱਝਾ ਭੇਤ ਜੀਵਨ ਦਾ, ਇਹ ਏਸੇ ਵਿੱਚ ਸਮਾਇਆ ਏ।
ਜੀਵਨ-ਜਾਚ ਵੱਡਮੁੱਲੀ ਦਾ, ਇਸ ਰਸਤਾ ਵਖਾਇਆ ਏ।
ਜੀਵਨ ਭਟਕਣੋਂ ਰੋਕੇ, ਤੇ ਪਈਆਂ ਗੁੰਝਲਾਂ ਖੋਲ੍ਹੇ,
ਹਰ ਕੋਈ ਆਪਣਾ ਦਿੱਸੇ, ਜੋ ਇਸ ਧਰਤੀ ਦਾ ਜਾਇਆ ਏ।
ਅਸੀਂ ਮਾਇਆ ਚ, ਖੁੱਭੇ ਆਂ, ਭੁਲਾਇਆ ਓਸ ਮਾਲਿਕ ਨੂੰ,
ਅਸਾਡੀ ਭਟਕਦੀ ਇਸ ਜਿੰਦ ਨੂੰ, ਏਸੇ ਬਚਾਇਆ ਏ।
ਜੇ ਰਹਿਮਤ ਹੋ ਜਾਏ ਉਸਦੀ, ਨਵੀਂ ਕੋਈ ਚਿਣਗ ਲਾ ਦੇਵੇ।
ਭੁੱਲੇ ਇਹ ਭਟਕਦੇ ਜੀਵਨ ਨੂੰ, ਸਿੱਧੇ ਰਾਹ ਤੇ ਪਾ ਦੇਵੇ।
ਅਸੀਂ ਆਗਿਆਨਤਾ ਦੇ ਨ੍ਹੇਰ ਵਿੱਚ, ਕਿੰਵ ਖੁੱਭ ਚਲੇ ਆਂ,
ਪੱਟੀ ਨ੍ਹੇਰ ਦੀ ਸਾਡੇ ਇਹ ਨੈਣਾਂ ਤੋਂ, ਉਹ ਲਾਹ ਦੇਵੇ।
ਉਹਦਾ ਉਪਦੇਸ਼ ਸੁਣ ਸੁਣ ਕੇ ਦੁਆਰੇ ਖੁਲ੍ਹ ਜਾਂਦੇ ਨੇ,
ਜੇ ਰਹਿਮਤ ਹੋ ਜਾਏ ਉਹਦੀ, ਤਾਂ ਦੂਰੀ ਹੀ ਹਟਾ ਦੇਵੇ।
ਉਹਦੇ ਭੇਤਾਂ ਦਾ ਜੰਦਰਾ ਖੁਲ੍ਹਦਾ, ਸੰਗਤ 'ਚ ਪੈ ਕੇ ਹੀ।
ਖ਼ਜ਼ਾਨਾ ਗਿਆਨ ਦਾ ਲੱਭਦਾ ਤਾਂ ਹੈ, ਸੰਗਤ ਚ, ਰਹਿ ਕੇ ਹੀ।
ਜੇ ਜੀਵਨ-ਜਾਚ ਲੈਣੀ ਹੈ, ਸਫਲ ਜੀਵਨ ਬਨਾਉਣਾ ਹੈ।
ਜੀਵਨ ਆਪਣਾਂ ਪਾਪਾਂ ਦੀ, ਜ਼ਿੱਲਤ ਤੋਂ ਬਚਾਉਣਾ ਹੈ।
ਕਰੀਂ ਸੰਗਤ ਇਹ ਚੰਗਿਆਂ ਦੀ, ਤੇ ਜੀਵਨ ਨੂੰ ਬਚਾਅ ਲੈ ਤੂੰ।
ਲਾਡਪੁਰੀ ਉਸ ਦੀ ਦਾਤ ਇਹ ਝੋਲੀ 'ਚ ਪਾ ਲੈ ਤੂੰ।

# ਆਗਮਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਪਟਨੇ ਦੀ ਧਰਤੀ ਦੇ ਭਾਗ ਜਾਗ ਪਏ, ਜਿੱਥੇ ਆਏ ਨੇ ਕਲਗੀਆਂ ਵਾਲੇ।
ਵਿੱਧ-ਮਾਤਾ ਜ਼ੁਲਮ ਮਿਟਾਉਣ ਦੇ ਲਈ, ਕੀਤਾ ਦੇਸ਼ ਸਾਰਾ ਉਨ੍ਹਾਂ ਦੇ ਹਵਾਲੇ।

..........................................................................................

ਭੀਖ਼ਣ ਫਕੀਰ ਰੱਖ ਕੁੱਜੀਆਂ ਦੋ ਕਹਿੰਦੇ, ਹੱਥ ਗੁਰੂ ਜੀ ਆਹ ਇਕ ਤੇ ਟਿਕਾ ਦਿਉ।
ਇੱਕ ਹਿੰਦੂਆਂ ਦਾ ਦੂਜਾ ਮੁਸਲਿਮ ਲਈ, ਅੱਜ ਏਸ ਦਾ ਨਬੇੜਾ ਵੀ ਕਰਾ ਦਿਉ।
ਗੁਰਾਂ ਦੋਹਾਂ ਉੱਤੇ ਹੀ ਤਾਂ ਹੱਥ ਧਰਿਆ, ਭਿੰਨ-ਭੇਤ ਵਾਲੇ ਭੰਨ ਤੇ ਪਿਆਲੇ।
ਪਟਨੇ ਦੀ ਧਰਤੀ ਦੇ....................................।

ਮਾਤਾ ਗੁਜਰੀ ਨੇ ਚਾਅਵਾਂ ਨਾਲ ਲਾਲ ਆਪਣੇ ਦੇ, ਸੋਨੇ ਦੇ ਇਹ ਕੰਗਣ ਪੁਆ ਤੇ।
ਥੋੜ੍ਹੇ, ਜਦ ਵੱਡੇ ਹੋਏ ਗੰਗਾ ਦੇ ਜਾ ਘਾਟ ਉਤੇ, ਗੁਰਾਂ ਨੇ ਉਹ ਕੰਗਣ ਰੁੜ੍ਹਾ ਤੇ।
ਕਹਿੰਦੇ ਮਾਤਾ ਇਨ੍ਹਾਂ ਦਾ ਨਾਂਹ ਸਮਾਂ ਰਹਿ ਗਿਆ, ਮੇਰੇ ਪਾਸੋਂ ਇਹ ਤਾਂ ਜਾਣੇ ਨਾਂਹ ਸੰਭਾਲੇ।
ਪਟਨੇ ਦੀ ਧਰਤੀ ਦੇ....................................।

ਬਾਲਾਂ ਦੀ ਉਹ ਢਾਣੀਆਂ ਨੂੰ ਕਰ ਕੱਠਿਆਂ, ਬੜੇ ਜ਼ੋਰ ਜ਼ੋਰੀ ਤੀਰ ਸੀ ਚਲਾਂਉਂਦੇ।
ਪਨਹਾਰੀਆਂ ਦੇ ਟੁੱਟੇ ਘੜੇ ਬਦਲੇ, ਮਾਤਾ ਗੁਜਰੀ ਸੀ ਗਾਗਰਾਂ ਦਵਾਉਂਦੇ।
ਕਹਿੰਦੇ ਸਮਾਂ ਆਇਆ ਉਡ ਪੁਡ ਜਾਣੇ ਧਰਤੀ ਤੋਂ, ਜ਼ੁਲਮਾਂ ਦੇ ਬੱਦਲ ਇਹ ਕਾਲੇ।
ਪਟਨੇ ਦੀ ਧਰਤੀ ਦੇ....................................।

ਹਿੰਦੂਆਂ ਦੀ ਰਾਖੀ ਲਈ ਪਿਤਾ ਵਾਰਿਆ, ਚਾਰੇ ਲਾਲ ਉਨ੍ਹਾਂ ਦੇਸ਼ ਉੱਤੋਂ ਵਾਰੇ।
ਜ਼ੁਲਮਾਂ ਤੋਂ ਰਾਖੀ ਲਈ ਪੰਥ ਬਣਾਇਆ, ਆਗੂ ਸਾਡੇ ਬਣੇ ਪੰਜ ਨੇ ਪਿਆਰੇ।
ਚਿੜੀਆਂ ਤੋਂ ਬਾਜਾਂ ਨੂੰ ਤੁੜਾ ਸੁੱਟਿਆ, ਲਾਡਪੁਰੀ, ਜੌਹਰ ਜੰਗ ਚ, ਵਖਾਲੇ।
ਪਟਨੇ ਦੀ ਧਰਤੀ ਦੇ....................................।



# ਅੰਮ੍ਰਿਤ ਵੇਲਾ

ਅੰਮ੍ਰਿਤ ਵੇਲੇ ਕਿਉਂ ਉੱਠਦੇ? ਕੀ ਅੰਮ੍ਰਿਤ ਵਿੱਚ ਛੁਪਾਇਆ ?
ਅੰਮ੍ਰਿਤ ਵੇਲੇ ਨੂੰ ਕਿਉਂ ਗੁਰੂਆਂ ਨੇ ਵਡਿਆਇਆ?

..........................................................................................

ਅੰਮ੍ਰਿਤ ਵੇਲੇ ਉਠਣਾ ਹੈ ਬੁੱਧੀ ਨੂੰ ਤੇਜ਼ ਕਰਾਂਉਂਦਾ।
ਚੁਸਤੀ ਫੁਰਤੀ ਆ ਜਾਂਦੀ, ਸੁਸਤੀ ਨੂੰ ਦੂਰ ਭਜਾਉਂਦਾ।
ਮਿਲ ਜਾਂਦਾ ਸਾਨੂੰ ਸਭ ਨੂੰ, ਇਹ ਯਾਦਾਂ ਦਾ ਸਰਮਾਇਆ।
ਅੰਮ੍ਰਿਤ ਵੇਲੇ ਨੂੰ ਤਾਹੀਉਂ ਗੁਰੂਆਂ ਵਡਿਆਇਆ।

ਗੁਰੂ ਨਾਨਕ ਰਵਿਦਾਸ ਭਗਤ ਸਭ ਅੱਜ ਵੀ ਦੇਣ ਦੁਹਾਈ।
ਨਾਮ ਦੇਵ ਨੂੰ ਨਾਮ ਜਪਣ ਦੀ ਤਦ ਹੀ ਸੋਝੀ ਆਈ।
ਇਕ ਮਨ ਇਕ ਚਿੱਤ ਹੋ ਸਭ ਨੇ ਅੰਮ੍ਰਿਤ ਵੇਲੇ ਰੱਬ ਪਾਇਆ।
ਅੰਮ੍ਰਿਤ ਵੇਲੇ ਨੂੰ ਤਾਹੀਉਂ..........।

ਅੰਮ੍ਰਿਤ ਵੇਲੇ ਕੁਦਰਤ ਦਾ ਇਹ ਰੰਗ ਤਾਂ ਬੜਾ ਸੁਹਾਉਂਦਾ।
ਇਕ ਮਨ ਹੋ ਬੰਦਾ ਇਸ ਵੇਲੇ ਮਨ ਭਾਉਂਦਾ ਫਲ ਪਾਉਂਦਾ।
ਇਸ ਵੇਲੇ ਬੰਦੇ ਦੇ ਮਨ ਤੇ ਚੜ੍ਹਦਾ ਰੰਗ ਸਵਾਇਆ।
ਅੰਮ੍ਰਿਤ ਵੇਲੇ ਨੂੰ ਤਾਹੀਉਂ..........।

ਸਾਰੇ ਅੰਮ੍ਰਿਤ ਵੇਲੇ ਉੱਠ ਕੇ ਸੈਰ ਕਰਨ ਵੀ ਜਾਵੋ।
ਕਰ ਇਸ਼ਨਾਨ ਤੇ ਸੁੱਚਾ ਮਨ ਕਰ, ਇਕ ਓਂਕਾਰ ਧਿਆਵੋ।
ਲਾਡਪੁਰੀ ਸਭ ਕੁਦਰਤ ਦਾ ਗੁਣ ਏਸੇ ਵਿੱਚ ਸਮਾਇਆ।
ਅੰਮ੍ਰਿਤ ਵੇਲੇ ਨੂੰ ਤਾਹੀਉਂ..........।

# ਕਿਰਤ

ਹੱਥੀਂ ਕੰਮ ਕਰਨਾ ਵੰਡ ਖਾਣਾ, ਇਹ ਸਤਿਗੁਰ ਪਾਠ ਪੜ੍ਹਾਇਆ।
ਨਾਮ ਜਪਣਾ ਅਤੇ ਜਪਾਣਾ, ਸਤਿਗੁਰ ਨੇ ਇਹ ਫੁਰਮਾਇਆ।

.................................................................................................

ਨਾਮ ਜਪਣ ਦਾ ਸੱਜਣਾ ਵੇਲਾ, ਵੇਲਾ ਇਹ ਖੁੰਝਾਈਂ ਨਾਂਹ।
ਮੰਦਿਆਂ ਦੇ ਸੰਗੀਂ ਤੂੰ ਲੱਗ ਕੇ, ਮੰਦਾ ਹੀ ਬਣ ਜਾਈਂ ਨਾਂਹ।
ਜ਼ਿੰਦਗੀ ਪਲ ਦੋ ਪਲ ਦਾ ਮੇਲਾ, ਕਿਉਂ ਚਿੱਤ ਸੰਸਾਰ ’ਚ ਲਾਇਆ।
ਹੱਥੀਂ ਕੰਮ ਕਰਨਾ ਵੰਡ ਖਾਣਾ.........................

ਦਾਨ ਦੇਣ ਲਈ ਕਿਰਤ ਜ਼ਰੂਰੀ, ਦੂਜੇ ਦਾ ਹੱਕ ਖਾਈਂ ਨਾਂਹ।
ਮਾਲਕ ਤੋਂ ਕੁਝ ਛਿਪਣਾ ਨਾਂਹੀਂ, ਐਵੇਂ ਤੂੰ ਕਿਤੇ ਛੁਪਾਈਂ ਨਾਂਹ।
ਜੀਵਨ ਤਾਂ ਇਕ ਸੁਪਨਾ ਜਾਣੀ, ਕੱਠੀ ਕਿਉਂ ਕਰਦੈਂ ਮਾਇਆ।
ਹੱਥੀਂ ਕੰਮ ਕਰਨਾ ਵੰਡ ਖਾਣਾ.........................

ਪੈ ਕੇ ਤੂੰ ਲਾਲਚ ਵਿੱਚ ਬੰਦਿਆ, ਏਥੇ ਸੱਚੀ ਕਰ ਲਿਆ ਵਾਸਾ।
ਜੀਵਨ ਤਾਂ ਤੇਰਾ ਇੰਜ ਲੱਗਦਾ, ਜਿਉਂ ਪਾਣੀ ਵਿੱਚ ਪਤਾਸਾ।
ਤੂੰ ਝੂਠ ਦੀ ਲੈਂਦਾ ਓਟ ਸਦਾ,ਕੱਠਾ ਕਰਦੈਂ ਸਰਮਾਇਆ।
ਹੱਥੀਂ ਕੰਮ ਕਰਨਾ ਵੰਡ ਖਾਣਾ.........................

ਕਰ ਨਹੀਂ ਸਕਦਾ ਬਹੁਤਾ ਸਿਮਰਨ, ਥੋੜ੍ਹਾ ਸਮਾਂ ਬਚਾਈਂ।
ਕੁੱਝ ਆਪਣੀ ਨੇਕ ਕਮਾਈ ’ਚੋਂ, ਹੋਰਾਂ ਦੇ ਪੱਲੇ ਪਾਈਂ।
ਬੰਦੇ ਨੂੰ ਬੰਦਾ ‘ਲਾਡਪੁਰੀ’ ਨ ਸਮਝੀਂ ਉਹਨੂੰ ਪਰਾਇਆ।
ਹੱਥੀਂ ਕੰਮ ਕਰਨਾ ਵੰਡ ਖਾਣਾ.........................



# ਮੁਫਤ ਖੋਰੇ

ਮੁਫ਼ਤ ਖੋਰੇ ਜਹਾਨ ਚ, ਲੱਖ ਲੱਭਣ, ਆਸਾਂ ਦੂਜਿਆਂ ਦੇ ਉਤੇ ਲਾਉਣ ਵਾਲੇ।
ਲਾਡਪੁਰੀ ਵਿਰਲੇ ਏਥੇ ਲਭਦੇ ਨੇ, ਜਿਹੜੇ ਦੇਸ਼ ਲਈ ਅਹੁਤੀਆਂ ਪਾਉਣ ਵਾਲੇ।

.................................................................................................

ਆ ਪਈ ਚਾਚਾ ਆ ਪਈ ਤਾਇਆ ਵੱਲ ਆਨੰਦਪੁਰ ਜਾਈਏ।
ਮੇਲੇ ਦੀ ਜਾ ਕੇ, ਅਜ ਰੌਣਕ ਹੋਰ ਵਧਾਈਏ।

.................................................................................................

ਕਹਿੰਦੇ ਸਤਿਗੁਰ ਸੰਗਤ ਵਿੱਚ ਕੁਝ ਪੜ੍ਹ ਕੇ ਅੱਜ ਸੁਨਾਉਣਾ।
ਫੁਲਕੇ, ਕੜ੍ਹਾਹ ਪ੍ਰਸ਼ਾਦ ਦਾ ਬਾਂਕਾ ਲੰਗਰ ਅੱਜ ਲਗਾਉਣਾ।
ਕਾਜ਼ੀ ਮੁਫ਼ਤ ਸ਼ਰਾਬ ਨਾ ਛੱਡਣ, ਅਸੀਂ ਕਿਉਂ ਨ ਖਾਈਏ।
ਮੇਲੇ ਦੀ ਜਾ ਕੇ ਅੱਜ.....................।
ਕਰਮੂ ਕਹਿੰਦਾ ਤਿਲਕੂ ਤੇਰੀ ਪੱਗ ਦਾ ਤੁਰਲਾ ਸੋਹਣਾ।
ਮੇਲੇ ਵਿੱਚ ਜਾ ਭੰਗੜਾ ਸਭ ਤੋਂ ਅੱਗੇ ਤੂੰ ਏਂ ਪਾਉਣਾ।
ਛੇੜ ਕੇ ਗਾਣਾ ਮੇਲੇ ਦਾ ਰੁਖ ਆਪਣੇ ਵੱਲੇ ਲਾਈਏ।
ਮੇਲੇ ਦੀ ਜਾ ਕੇ ਅੱਜ.....................।
ਮੇਲੇ ਪੁਜਦਿਆਂ ਡਿੱਠਾ ਸਤਿਗੁਰ, ਤੰਬੂਓਂ ਬਾਹਰ ਆਏ।
ਖੰਡਾ ਕੱਢ ਕੇ ਨੰਗਾ ਉਨ੍ਹਾਂ ਸੀਸ ਕਈ ਮੰਗਵਾਏ।
ਤਿਲਕੂ ਕਹਿੰਦਾ ਕਰਮੂ ਪੱਗ ਨੂੰ ਕਾਹਦੇ ਵਿੱਚ ਲੁਕਾਈਏ।
ਮੇਲੇ ਵਿੱਚੋਂ ਜਾ ਕਿਤੇ ਆਪਣੀ ਜਾਨ ਬਚਾਈਏ।
ਖੱਡਾਂ ਦੀ ਕੋਈ ਓਟ ਸੀ ਲੈਂਦਾ, ਕੋਈ ਰੁੱਖਾਂ ਤੇ ਚੜ੍ਹਿਆ।
ਕੋਈ ਛੜੱਪੇ ਮਾਰ ਕੇ ਦੂਣੇ ਘਰੀਂ ਆਣ ਸੀ ਵੜਿਆ।
ਕਹਿੰਦੇ ਹੋਇਆ ਗੁਰੂ ਸੁਦਾਈ, ਕਿਉਂ ਇਹ ਜਾਨ ਗੁਆਈਏ।
ਮੇਲੇ ਵਿੱਚੋਂ ਜਾ ਕਿਤੇ ਆਪਣੀ ਜਾਨ ਬਚਾਈਏ।
ਅੱਸੀ ਹਜ਼ਾਰ ਦੀ ਸੰਗਤ ਚੋਂ ਕੋਈ ਵਿਰਲਾ ਓਥੇ ਲੱਭੇ।
ਢਿੱਡ ਰਗੜਾਉਂਦਾ ਨੱਸਿਆ ਕੋਈ ਲੁਕਿਆ ਸੱਜੇ ਖੱਬੇ।
ਕਹਿਣ ਬਚਾਅ ਲੈ ਲਾਡਪੁਰੀ ਨਾਂਹ ਮੁੜਕੇ ਕੁਣਕਾ ਖਾਈਏ।
ਮੇਲੇ ਵਿਚੋਂ ਜਾ ਕਿਤੇ ਆਪਣੀ ਜਾਨ ਬਚਾਈਏ।

# ਜੋਤ ਇਲਾਹੀ

ਕਿਉਂ ਲੱਭਦਾਂ ਉਸ ਨੂੰ ਜੰਗਲਾਂ ਵਿੱਚ, ਜੋ ਘਟ ਘਟ ਵਿੱਚ ਸਮਾਇਆ ਏ।
ਤੱਕ ਦਸਵੇਂ ਦੁਆਰ ਦੀ ਅੱਖ ਰਾਹੀਂ, ਤੇਰੇ ਅੰਦਰ ਡੇਰਾ ਲਾਇਆ ਏ।

..........................................................................................

ਸਾਰੀ ਸਰਿਸ਼ਟੀ ਦਾ ਮਾਲਕ ਉਹ, ਤੇ ਘਟ ਘਟ ਦੇ ਵਿੱਚ ਵਾਸ ਉਹਦਾ।
ਜ਼ੱਰੇ ਜ਼ੱਰੇ ਸਾਰੇ ਅੰਦਰ, ਚਾਰੇ ਪਾਸੇ ਪ੍ਰਕਾਸ਼ ਉਹਦਾ।
ਤੱਕ ਉਸ ਦੀ ਨਜ਼ਰ ਸਵੱਲੀ ਨਾਲ, ਨਾਂਹ ਆਪਣਾ ਕੋਈ ਪਰਾਇਆ ਏ।
ਕਿਉਂ ਲੱਭਦਾਂ ਉਸ ਨੂੰ ਜੰਗਲਾਂ ਵਿੱਚ....................।

ਲੱਖਾਂ ਇਹ ਰਿਸ਼ੀ ਮੁਨੀ ਜਿਹੜੇ, ਲੱਖਾਂ ਹੀ ਕਸ਼ਟ ਉਠਾਉਂਦੇ ਰਹੇ।
ਉਹਦੇ ਗਿਆਨ ਦੀ ਛੋਹ ਨੂੰ ਪਾਉਣ ਲਈ, ਜਾ ਕਿਤੇ ਸਮਾਧੀ ਲਾਉਂਦੇ ਰਹੇ।
ਗੁਰੂ ਨਾਨਕ ਦੀ ਬਾਣੀ ਰਾਹੀਂ, ਅਸਾਂ ਗੁੱਝਾ ਭੇਤ ਇਹ ਪਾਇਆ ਏ।
ਕਿਉਂ ਲੱਭਦਾਂ ਉਸ ਨੂੰ ਜੰਗਲਾਂ ਵਿੱਚ....................।

ਨਿੱਤ ਅੰਮ੍ਰਿਤ ਵੇਲੇ ਉੱਠ ਕੇ ਤੂੰ, ਓ ਬੰਦਿਆ ਸਦਾ ਧਿਆ ਉਸਨੂੰ।
ਇਕ ਮਨ ਤੇ ਇਕ ਚਿੱਤ ਹੋ ਕੇ ਨਿੱਤ, ਦਿੱਲ ਆਪਣੇ ਵਿੱਚ ਵਸਾ ਉਸਨੂੰ।
ਉਹ ਘਟ ਘਟ ਵਿੱਚ ਜੋ ਵੱਸਦਾ ਏ, ਇਹ ਉਸਦੀ ਛੱਤਰ ਛਾਇਆ ਏ।
ਕਿਉਂ ਲੱਭਦਾਂ ਉਸ ਨੂੰ ਜੰਗਲਾਂ ਵਿੱਚ....................।

ਇਸ ਸ਼ਬਦ ਗੁਰੂ ਦੇ ਰਾਹੀਂ ਤੂੰ, ਉਹਦੇ ਸ਼ਬਦਾਂ ਨੂੰ ਪਹਿਚਾਣ ਲਈਂ।
ਉਹਦੀ ਗੁੱਝੀ ਗਿਆਨ ਦੀ ਕੁੰਜੀ ਨੂੰ, ਉਹਦੀ ਮਹਿਮਾਂ ਅੰਦਰ ਜਾਣ ਲਈਂ।
ਵੱਡਮੁੱਲੀ ਕੁੰਜੀ ਲਾਡਪੁਰੀ, ਨੂੰ ਸ਼ਬਦਾਂ ਵਿੱਚ ਲੁਕਾਇਆ ਏ।
ਕਿਉਂ ਲੱਭਦਾਂ ਉਸ ਨੂੰ ਜੰਗਲਾਂ ਵਿੱਚ....................।



# ਬਾਬਾ ਬੁੱਢਾ ਜੀ

ਪੁੱਤਰਾਂ ਦੀ ਦਾਤਾਂ ਵੰਡ ਕੇ, ਬਾਬਾ ਬੁੱਢਾ ਜੀ ਇਹ ਜੱਗ ਕਿਵੇਂ ਤਾਰੇ।
ਉਹ ਬੇਰੀ ਮੁੱਢ ਨਿੱਤ ਬੈਠਦੇ, ਜਿੱਥੇ ਪੁੱਤਰਾਂ ਦੇ ਭਰੇ ਹੋਏ ਭੰਡਾਰੇ।

..........................................................................................

ਵਿੱਚ ਹਰਿਮੰਦਰ ਬਾਬਾ ਜੀ ਮੁੱਖ ਸੇਵਾਦਾਰ ਕਹਾਂਦਾ।
ਕਿਰਤ ਕਮਾਈ ਹੱਥੀਂ ਕਰਦਾ, ਰੁੱਖਾ ਸੁੱਖਾ ਖਾਂਦਾ।
ਬੋਲ ਓਸਦੇ ਪੂਰੇ ਹੁੰਦੇ, ਜੋ ਵੀ ਬੋਲ ਉਚਾਰੇ।
ਪੁੱਤਰਾਂ ਦੀ ਦਾਤਾਂ ਵੰਡ ਕੇ..................।

ਗੁਰੂ ਅਰਜਨ ਮਾਤਾ ਗੰਗਾ ਨੂੰ, ਇਹ ਗਲ ਇੰਞ ਸਮਝਾਵੇ।
ਜੋ ਪੁੱਤਰ ਦੀ ਦਾਤ ਕੋਈ ਚਾਹੁੰਦਾ, ਬੁੱਢਾ ਸਾਹਿਬ ਦੇ ਜਾਵੇ।
ਬਾਬਾ ਬੁੱਢਾ ਜੀ ਤਾਂ ਜਾਪਣ ਪੁੱਤਰਾਂ ਦੇ ਵਣਜਾਰੇ।
ਪੁੱਤਰਾਂ ਦੀ ਦਾਤਾਂ ਵੰਡ ਕੇ..................।

ਮਾਤਾ ਗੰਗਾ ਲਸ਼ਕਰ ਵਾਂਙੂੰ ਨਾਲ ਸਹੇਲੀਆਂ ਲੈ ਗਈ।
ਬੋਲੇ ਬਾਬਾ ਗੁਰੂ ਕਿਆਂ ਨੂੰ ਭਾਜੜ ਕਿਧਰੋਂ ਪੈ ਗਈ।
ਵਰ ਦੇ ਥਾਂ ਸਰਾਪ ਇਹ ਮਿਲਿਆ, ਕੌਤਕ ਉਹਦੇ ਨਿਆਰੇ।
ਪੁੱਤਰਾਂ ਦੀ ਦਾਤਾਂ ਵੰਡ ਕੇ..................।

ਦੂਜੀ ਵਾਰੀ ਪੈਦਲ ਚੱਲ, ਗੰਗਾ ਪਹੁੰਚੀ ਦਰਬਾਰੇ।
ਰੁੱਖੀ ਰੋਟੀ, ਸਿਖਰ ਦੁਪਹਿਰੇ ਕੱਲੀ ਆਈ ਦੁਆਰੇ।
ਵਰ ਦਿੱਤਾ ਬਾਬੇ ਪੁੱਤਰ ਦਾ, ਨਾਂਹ ਲਾਏ ਉਸ ਲਾਰੇ।
ਪੁੱਤਰਾਂ ਦੀ ਦਾਤਾਂ ਵੰਡ ਕੇ..................।

ਅੱਜ ਵੀ ਸੱਚੇ ਮਨ ਦੇ ਨਾਲ ਜੋ ਬਾਬੇ ਤਾਈਂ ਧਿਆਂਉਂਦਾ।
ਲਾਡਪੁਰੀ ਮੂੰਹ ਮੰਗੀਆਂ ਅੱਜ ਵੀ, ਸਭ ਮੁਰਾਦਾਂ ਪਾਉਂਦਾ।
ਐਵੇਂ ਦਰ ਦਰ ਕਿਉਂ ਹਾਂ ਜਾਂਦੇ, ਉਹ ਤਾਂ ਤਾਰਨ ਹਾਰੇ।
ਪੁੱਤਰਾਂ ਦੀ ਦਾਤਾਂ ਵੰਡ ਕੇ..................।

# ਚਾਬੀ

ਦਸਵੇਂ ਦੁਆਰ ਦੀ ਜੇ ਚਾਬੀ ਲੱਭਣੀ, ਬੂਹਾ ਸਤਨਾਮ ਵਾਲਾ ਖੜਕਾ ਲੈ।
ਭੇਤ ਓਸ ਮਾਲਕ ਦਾ ਪਾਉਣ ਦੇ ਲਈ, ਨਿੱਤ-ਨੇਮ ਨੂੰ ਆਧਾਰ ਬਣਾ ਲੈ।

..............................................................................................

ਅੰਮ੍ਰਿਤ ਵੇਲੇ ਜਿਹੜੇ ਛੇਤੀ ਜਾਗ ਪਏ, ਨਾਮ ਜਪਣੇ ਦਾ ਕੀਤਾ ਜਿਨ੍ਹਾਂ ਚਾਰਾ ਏ।
ਕਰ ਇਸ਼ਨਾਨ ਇਕ ਵਾਹਿਗੁਰੂ ਧਿਆ ਕੇ, ਓਹਦੇ ਨਾਮ ਵਾਲਾ ਖੋਲ੍ਹਿਆ ਭੰਡਾਰਾ ਏ।
ਗੁੱਝੇ ਇਹ ਖਜ਼ਾਨੇ ਵਾਲਾ ਭੇਤ ਪਾਉਣ ਲਈ, ਟੇਕ ਇੱਕ ਉਤੇ ਆਪਣੀ ਟਿਕਾ ਲੈ।
ਦਸਵੇਂ ਦੁਆਰ ਦੀ ਜੇ ਚਾਬੀ ਲੱਭਣੀ..............।

ਦਰ ਦਰ ਜਾਣਾ ਛੱਡ ਠੋਕਰਾਂ ਨ ਖਾਹ ਐਵੇਂ, ਨਜ਼ਰਾਂ ਜੇ ਇੱਕ ਤੇ ਟਿਕਾ ਲਏਂ।
ਪ੍ਰਭਾਤੀਂ ਸ਼ਾਮ ਨੂੰ ਤੂੰ ਉਹਦਾ ਨਾਂਅ ਜਪੇਂ, ਛੇਤੀ ਕੂੰਜੀ ਏਸ ਜੰਦਰੇ ਦੀ ਪਾ ਲਏਂ।
ਉਹਦੇ ਇਨਸਾਨਾਂ ਨੂੰ ਤੂੰ ਆਪਣਾ ਬਣਾ, ਕਰ ਕਿਰਤਾਂ ਤੇ ਦਾਨ ਵੀ ਕਰਾ ਲੈ।
ਦਸਵੇਂ ਦੁਆਰ ਦੀ ਜੇ ਚਾਬੀ ਲੱਭਣੀ..............।

ਸੱਚ ਬੋਲ ਜੱਗ ਨੂੰ ਸਰਾਂ ਸਮਝੀਂ, ਕੱਠਾ ਕਰ ਸਿਮਰਨ ਸਰਮਾਇਆ।
ਝੂਠ ਦੇ ਅਡੰਬਰ ਇਹ ਛੱਡੇ ਜਿਸ ਸਦਾ ਲਈ, ਗੁੱਝਾ ਭੇਤ ਮਾਲਿਕ ਦਾ ਪਾਇਆ।
ਸੇਵਾ ਅਤੇ ਬੰਦਗੀ ’ਚ ਲੁਕਿਆ ਏ ਭੇਤ ਸਾਰਾ, ਪਲ ਕੁਝ ਨਾਮ ਲਈ ਬਚਾ ਲੈ।
ਦਸਵੇਂ ਦੁਆਰ ਦੀ ਜੇ ਚਾਬੀ ਲੱਭਣੀ..............।

ਜੱਗ ਓਸ ਮਾਇਆ ਦਾ ਅਡੰਬਰ ਰਚਾਇਆ, ਏਸ ਜੱਗ ਵਿੱਚ ਐਵੇਂ ਰੁੱਝ ਜਾਵੀਂ ਨਾਂਹ।
ਮੋਹ ਮਾਇਆ ਵੱਡਾ ਇਕ ਸਾਗਰ ਜਹਾਨ ਵਿੱਚ, ਏਸ ਵਿੱਚ ਪੈ ਕੇ ਡੁੱਬ ਜਾਵੀਂ ਨਾਂਹ।
ਪਲ ਪਲ ਲਾਡਪੁਰੀ ਨਾਮ ਨੂੰ ਧਿਆ ਲੈ, ਏਸ ਜੱਗ ਤੋਂ ਧਿਆਨ ਹਟਾ ਲੈ।
ਦਸਵੇਂ ਦੁਆਰ ਦੀ ਜੇ ਚਾਬੀ ਲੱਭਣੀ..............।



# ਸੇਵਾ ਸਿਮਰਨ

ਕਰ ਬੰਦਗੀ ਤੂੰ ਬੰਦਿਆ, ਮਨ ਵਿੱਚ ਸੇਵਾ ਭਾਵ ਜਗਾ ਲੈ।
ਇਸ ਜੀਵਨ ਵਿੱਚ ਆਪਣੇ, ਉਸ ਦੇ ਨਾਂ ਦੀ ਭਟਕਣ ਲਾ ਲੈ।

..............................................................................................

ਉਹਦੇ ਨਾਮ ਬਿਨਾਂ ਤਾਂ ਇਹ, ਜੀਵਨ ਰਹਿਣਾ ਸਦਾ ਅਧੂਰਾ।
ਇਸ ਮਾਨਸ ਜੀਵਨ ਵਿੱਚ, ਹੀ ਇਹ ਸੁਪਨਾ ਹੋਣਾ ਪੂਰਾ।
ਨਿੱਤ ਨਾਮ ਜਪਣ ਲਈ ਤੂੰ, ਸਮਾਂ ਕੁਝ ਸੌਰਨ ਲਈ ਬਚਾਅ ਲੈ।
ਕਰ ਬੰਦਗੀ.........................।

ਦਿਨ ਭੌਂਦਿਆਂ ਲੰਘ ਜਾਂਦਾ, ਰਾਤ ਤੂੰ ਸੌਂ ਸੌਂ ਨਿੱਤ ਗਵਾਈ।
ਸੇਵਾ ਤੇ ਸਿਮਰਨ ਦਾ ਤੂੰ ਵੇਲਾ, ਐਵੇਂ ਜਾਏਂ ਖੁੰਝਾਈ।
ਦੁਨੀਆਂ ਭਵ-ਸਾਗਰ ਚੋਂ, ਇਸ ਜਿੰਦੜੀ ਨੂੰ ਪਾਰ ਲੰਘਾ ਲੈ।
ਕਰ ਬੰਦਗੀ.........................।

ਨਾਨਕ ਦੇ ਦਰ ਦਾ ਤੂੰ, ਜਾ ਕੇ ਬਣ ਜਾ ਅੱਜ ਸੁਆਲੀ।
ਐਬਾਂ ਵਿੱਚ ਫਸ ਕੇ ਤੂੰ, ਇਹ ਕੰਚਨ ਜਹੀ ਦੇਹੀ ਗਾਲੀ।
ਉਸ ਦਸਮ ਪਿਤਾ ਆਪਣੇ, ਦਾ ਜੀਵਨ ਆਧਾਰ ਬਣਾ ਲੈ।
ਕਰ ਬੰਦਗੀ.........................।

ਜੋ ਨਾਨਕ ਦਰ ਆਉਂਦੇ, ਮਨ, ਭਾਉਂਦਾ ਉਹ ਤਾਂ ਫਲ ਪਾਂਦੇ।
ਨਾਨਕ ਦਾ ਦਰ ਛੱਡ ਕੇ, ਨਾਂਹ ਉਹ ਦਰ ਦਰ ਠੋਕਰ ਖਾਂਦੇ।
ਸੇਵਾ ਕਰ ਸੰਗਤ ਦੀ, ਐਬਾਂ ਉਤੇ ਕਾਬੂ ਪਾ ਲੈ।
ਕਰ ਬੰਦਗੀ.........................।

ਭੁੱਲਾਂ ਜੋ ਕੀਤੀਆਂ ਨੇ, ਨਾਨਕ ਦਰ ਤੇ ਜਾ ਬਖਸ਼ਾ ਲੈ।
ਲੰਘ ਚਲਿਆ ਜੀਵਨ ਏਂ, ਇਸ ਦੀ ਰਹਿੰਦੀ ਸ਼ਾਖ ਬਚਾ ਲੈ।
ਪੂੰਜੀ ਸਿਮਰਨ ਦੀ ਲਾਡਪੁਰੀ ਨਾਨਕ ਦੇ ਦਰ ਤੋਂ ਪਾ ਲੈ।
ਕਰ ਬੰਦਗੀ.........................।

# ਵਿਸਾਖੀ

ਜਦ ਵੀ ਧਰਤੀ ਹਾੜੇ ਪਾਉਂਦੀ, ਵਿਲਕੇ ਤੇ ਕੁਰਲਾਂਦੀ।
ਨਾਸ਼ ਕਰਨ ਲਈ ਜ਼ੁਲਮਾਂ ਨੂੰ, ਕੋਈ ਸ਼ਕਤੀ ਆ ਜਾਂਦੀ।
ਭਾਰਤ ਦੀ ਇਸ ਧਰਤੀ ਤੇ, ਇਕ ਦਿਨ ਸੀ ਉਹ ਆਇਆ।
ਜਬਰੀ ਧਰਮ ਬਦਲਨਾ, ਨਾਅਰਾ ਹਾਕਮ ਨੇ ਲਾਇਆ।
ਔਰੰਗਜ਼ੇਬ ਦੇ ਜ਼ੁਲਮਾਂ ਨੇ ਤਦ, ਕਹਿਰ ਸੀ ਢਾਹ ਛੱਡਿਆ।
ਮੂੰਹ ਸਭ ਦਾ ਸੀ ਬੋਲਣ ਤੋਂ, ਉਸ ਚੁੱਪ ਕਰਾ ਛੱਡਿਆ।
ਲੋਕ-ਰਾਜ ਦਾ ਮੁੱਢ ਬੰਨ੍ਹਣ, ਦਸ਼ਮੇਸ਼ ਪਿਤਾ ਆਏ।
ਦੇਸ਼ ਦੇ ਕੋਨੇ ਕੋਨੇ ਤੱਕ, ਸੰਦੇਸ਼ੇ ਭਜਵਾਏ।
ਭੀੜਾਂ ਬੰਨ੍ਹ ਕੇ ਲੋਕੀਂ, ਪੁਰੀ ਅਨੰਦਪੁਰ ਧਾਏ ਤਦ।
ਅੱਸੀ ਹਜ਼ਾਰ ਭਾਰਤੀ, ਸੱਦੇ ਉੱਤੇ ਆਏ ਤਦ।
ਹਰ ਦਿਲ ਵਿੱਚ ਸੀ ਤਾਂਘ, ਗੁਰਾਂ ਦੇ ਦਰਸ਼ਨ ਕਰਨੇ ਦੀ।
ਆਪਣੀ ਝੋਲੀ ਸਤਿਗੁਰ ਦੀ, ਰਹਿਮਤ ਨਾਲ ਭਰਨੇ ਦੀ।
ਤੰਬੂਤੋਂ ਬਾਹਰ ਵਲ ਸਤਿਗੁਰ, ਕਦਮ ਵਧਾਇਆ ਤਦ।
ਕੱਢ ਮਿਆਨੋ ਦੋਧਾਰਾ, ਖੰਡਾ ਲਿਸ਼ਕਾਇਆ ਤਦ।
ਭਾਰਤ ਦੇ ਵਸਨੀਕਾਂ ਨੂੰ, ਸਤਿਗੁਰ ਲਲਕਾਰ ਰਹੇ।
ਕਿੰਵ ਪਰਖਣ ਲਈ ਜੇਰਾ, ਉਹ ਸਨ ਭਵਕਾਂ ਮਾਰ ਰਹੇ।
ਲੋੜ ਪਈ ਇਕ ਸਿਰ ਦੀ, ਕਿਹੜਾ ਭੇਟ ਚੜ੍ਹਾ ਸਕਦਾ।
ਕਿਹੜਾ ਏ ਜੋ ਇਸ ਖੰਡੇ ਨਾਲ, ਸੀਸ ਕਟਾ ਸਕਦਾ।
ਦਇਆ ਰਾਮ ਖੱਤਰੀ ਵਧ ਆਇਆ, ਸੀਸ ਕਟਾਉਣ ਲਈ।
ਤੰਬੂਅੰਦਰ ਸਤਿਗੁਰ ਲੈ ਗਏ, ਸੀ ਅਜ਼ਮਾਉਣ ਲਈ।
ਲਹੂਭਿੱਜਾ ਫਿਰ ਖੰਡਾ ਫੜ, ਮੁੜ ਸ਼ਬਦ ਉਚਾਰੇ ਆ।
ਇਸ ਖੰਡੇ ਦੀ ਭੇਟ ਚੜ੍ਹਨ ਦਾ, ਕਿਸ ਨੂੰ ਚੜ੍ਹਿਆ ਚਾਅ।
ਧਰਮ ਚੰਦ ਵਧ ਕੇ ਆਇਆ, ਤਦ ਸੀਸ ਕਟਾਉਣ ਲਈ।
ਸਤਿਗੁਰ ਦੇ ਬੋਲਾਂ ਤੇ ਵਧਿਆ, ਫੁੱਲ ਚੜ੍ਹਾਉਣ ਲਈ।
ਤੀਜੀ ਵਾਰੀ ਮੁਹਕਮ, ਚੌਥੀ ਹਿੰਮਤ ਤਦ ਆਏ।
ਖੰਡੇ ਸਾਹਵੇਂ ਆਉਣੋ ਨਾਂਹ, ਉੱਕਾ ਉਹ ਘਬਰਾਏ।
ਪੰਜਵੀਂ ਵਾਰੀ ਸਾਹਿਬ ਚੰਦ, ਅੱਗੇ ਵਧ ਆਇਆ ਤਦ।
ਪੰਜਾਂ ਨੂੰ ਹੀ ਸਤਿਗੁਰ, ਤੰਬੂ ਵਿੱਚ ਬਠਾਇਆ ਤਦ।



ਸਤਿਗੁਰ ਪੰਜੇ ਨਵੇਂ ਪੁਸ਼ਾਕਿਆਂ, ਸੰਗ ਸਜਾ ਦਿੱਤੇ।
ਗਿੱਦੜਾਂ ਦੇ ਕੱਢ ਜ਼ੇਰੇ, ਸਿੰਘਾਂ ਦੇ ਵਿੱਚ ਪਾ ਦਿੱਤੇ।
ਅੰਮ੍ਰਿਤ ਵੰਡਿਆ ਪੰਜਾਂ ਨੂੰ, ਸਿੰਘ ਸ਼ੇਰ ਬਣਾ ਦਿੱਤੇ।
ਜ਼ੁਲਮਾਂ ਦੇ ਨਾਲ ਲੜਨੇ ਲਈ ਡਰ ਦੂਰ ਭਜਾ ਦਿੱਤੇ।
ਅੰਮ੍ਰਿਤ ਛਕਿਆ ਉਨ੍ਹਾਂ ਤੋਂ ਚੇਲੇ ਗੁਰੂਬਣਾ ਦਿੱਤੇ।
ਲੋਕ ਰਾਜ ਦੇ ਇਸ ਵੇਖੋ, ਕਿੰਵ ਮੁੱਢ ਬਨ੍ਹਾ ਦਿੱਤੇ।
ਜ਼ਾਬਰ ਹਾਕਮ ਨੂੰ ਇਸ ਪੰਥ ਨੇ, ਬਾਹਰ ਭਜਾ ਦਿੱਤਾ।
ਜ਼ੁਲਮਾਂ ਦਾ ਇਸ ਧਰਤੀ ਉਤੋਂ, ਨਾਸ਼ ਕਰਾ ਦਿੱਤਾ।
ਪੁਰੀ ਅਨੰਦਪੁਰ ਦੂਰ ਦੂਰ ਤੋਂ, ਸੰਗਤ ਆਉਂਦੀ ਅੱਜ।
ਜਨਮ-ਖਾਲਸੇ ਦੀ ਤਦ ਤੋਂ, ਇਹ ਪੁਰੀ ਕਹਾਉਂਦੀ ਅੱਜ।
ਸਾਲੋ ਸਾਲ ਵਿਸਾਖੀ ਇਸ ਥਾਂ, ਅੱਜ ਵੀ ਲੱਗਦੀ ਏ।
ਪੁਰੀ ਇਹ ਲਾਡਪੁਰੀ ਲਾੜੀ ਦੇ, ਵਾਗੂੰ ਸੱਜਦੀ ਏ।

# ਖਾਲਸੇ ਦਾ ਰੰਗ

ਮੈਨੂੰ ਆਪਣੇ ਹੀ ਰੰਗ ਵਿੱਚ ਰੰਗ ਖਾਲਸਾ
ਮੈਨੂੰ ਆਪਣੇ ਹੀ..........................।

.................................................................................................

ਕਿੰਨਾ ਚਿਰ ਏਸ ਧਰਤੀ ਤੇ ਰਿਹਾ ਮੈਂ ਮਲੇਛ।
ਸਭਿਅਤਾ ਮੈਂ ਛੱਡ ਆਪਣੀ, ਕੀ ਧਾਰਿਆ ਸੀ ਭੇਸ।
ਰਿਹਾ ਕਿੰਨਾਂ ਚਿਰ ਬਣਿਆਂ ਮਲੰਗ ਖਾਲਸਾ।
ਮੈਨੂੰ ਆਪਣੇ ਹੀ..........................।

ਮੈਂ ਸੀ ਆਪਣੇ ਹੀ ਪਿਤਾ ਤਾਂਈਂ ਮਨ ਚੋਂ ਭੁਲਾਇਆ।
ਕਿੰਨਾ ਚਿਰ ਪਿਤਾ ਕੋਲੋਂ ਰਿਹਾ, ਬਣਿਆ ਪਰਾਇਆ।
ਏਸ ਜਿੰਦੜੀ ਨੂੰ ਲੱਗਿਆ ਸੀ ਜੰਗ ਖਾਲਸਾ।
ਮੈਨੂੰ ਆਪਣੇ ਹੀ..........................।

ਲੱਗੀ ਠੋਕਰ ਅਵੱਲੀ, ਦਿੱਤਾ ਮਨ ਨੂੰ ਝੰਜੋੜ।
ਸੋਝੀ ਮੈਨੂੰ ਤਦ ਆਈ, ਮੈਨੂੰ ਪੈ ਗਈ ਤੇਰੀ ਲੋੜ।
ਭੇਸ ਆਪਣੇ ਤੋਂ ਆਈ ਤਦੋਂ ਸੰਗ ਖਾਲਸਾ।
ਮੈਨੂੰ ਆਪਣੇ ਹੀ..........................।

ਤੇਰੇ ਦਰ ਦਾ ਸੁਆਲੀ, ਤੂੰ ਹੀ ਚਮਨਾਂ ਦਾ ਮਾਲੀ।
ਜਿਹੜਾ ਚਸ਼ਮਾਂ ਫੁਟਾਇਆ, ਇਹਨੂੰ ਕਰਨਾ ਨਾਂਹ ਖਾਲੀ।
ਪੂਰੀ ਕਰੀਂ ਮੇਰੇ ਮਨ ਦੀ ਉਮੰਗ ਖਾਲਸਾ।
ਮੈਨੂੰ ਆਪਣੇ ਹੀ..........................।

ਨਿੱਤ ਤੈਨੂੰ ਮੈਂ ਧਿਆਵਾਂ, ਤੈਨੂੰ ਕਦੇ ਨਾਂਹ ਭੁਲਾਵਾਂ।
ਪੈਣ ਦਿਆਂ ਨਾਂਹ ਮੈਂ ਐਬਾਂ ਵਾਲਾ ਭੁੱਲ ਪਰਛਾਂਵਾਂ।
ਇਹਨੂੰ ਸਮਝੀਂ ਤੂੰ ਆਪਣਾ ਭੁਜੰਗ ਖਾਲਸਾ।
ਮੈਨੂੰ ਆਪਣੇ ਹੀ..........................।



ਮਿਹਰ ਤੇਰੀ ਨਾਲ, ਜੀਵਨ 'ਚ ਮੋੜ ਮੇਰੇ ਆਇਆ।
ਰੱਖੀਂ ਚਰਨਾਂ ਦੇ ਕੋਲ, ਕਰ ਛੱਡੀਂ ਨਾਂਹ ਪਰਾਇਆ।
ਏਸ ਜੱਗ ਵਿਚੋਂ ਭੇਜੀਂ ਨਾਹ ਬਰੰਗ ਖਾਲਸਾ।
ਮੈਨੂੰ ਆਪਣੇ ਹੀ..........................।

ਕਰੀਂ ਮਿਹਰ, ਆਸਾਂ ਤੇਰੀਆਂ ਤੇ ਉੱਤਰਾਂ ਮੈਂ ਪੂਰਾ।
ਇਹਦਾ ਜੀਵਨ ਸੁਆਰਦੇ, ਨਾਂਹ ਛੱਡ ਤੂੰ ਅਧੂਰਾ।
ਤੇਰੇ ਨੇਮ, ਕਰਾਂ ਕਦੀ ਨਾਂਹ, ਮੈਂ ਭੰਗ ਖਾਲਸਾ।
ਮੈਨੂੰ ਆਪਣੇ ਹੀ..........................।

ਨਾਂਹ ਮੈਂ ਤੇਰਾ ਦਰ ਛੱਡ ਕਿਸੇ ਹੋਰ ਦਰ ਜਾਵਾਂ।
ਵੇਸ ਆਪਣਾ ਨਾਂਹ ਛੱਡ, ਭੇਸ ਹੋਰ ਮੈਂ ਬਣਾਵਾਂ।
ਤੂੰ ਤਾਂ ਰਹਿੰਦਾ ਸਦਾ, ਸਾਡੇ ਅੰਗ ਸੰਗ ਖਾਲਸਾ।
ਮੈਨੂੰ ਆਪਣੇ ਹੀ..........................।

ਤੇਰੇ ਨਾਮ ਨੂੰ ਮੈਂ ਜਪਾਂ ਤੇ ਮੈਂ ਹੋਰਾਂ ਨੂੰ ਜਪਾਵਾਂ।
ਤੇਰੀ ਰਜ਼ਾ ਚ ਮੈਂ ਵਸਾਂ, ਮਨ ਭਾਉਂਦਾ ਫਲ ਪਾਂਵਾਂ।
ਭਵ-ਸਾਗਰ ਇਹ ਜਾਵਾਂ, ਮੈਂ ਤਾਂ ਲੰਘ ਖਾਲਸਾ।
ਮੈਨੂੰ ਆਪਣੇ ਹੀ..........................।

ਏਸ ਸਾਗਰ ਚੋਂ ਤਰਨੇ ਦਾ ਰਸਤਾ ਵਖਾਂਈਂ।
ਜੋਤ ਆਪਣੀ ਪਰੇਮ ਵਾਲੀ ਮਨ 'ਚ ਜਗਾਈਂ।
ਲਾਡਪੁਰੀ ਇਹ ਤਾਂ ਤੇਰਾ ਹੀ ਏ ਅੰਗ ਖਾਲਸਾ।
ਮੈਨੂੰ ਆਪਣੇ ਹੀ..........................।

# ਸਾਕਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

1605 ਈ:ਵਿੱਚ ਅਕਬਰ ਬਾਦਸ਼ਾਹੀ ਦੀ ਮੌਤ ਕਾਰਣ ਉਸ ਦਾ ਪੁੱਤਰ ਜਹਾਂਗੀਰ ਬਾਦਸ਼ਾਹ ਬਣਿਆ। ਉਸ ਨੇ ਤਖ਼ਤ ਤੇ ਬੈਠਦੇ ਸਾਰ ਹੀ 12 ਫੁਰਮਾਨ ਜਾਰੀ ਕੀਤੇ। ਜਿਨ੍ਹਾਂ ਵਿਚੋਂ ਇਕ ਫ਼ੁਰਮਾਨ ਇਹ ਸੀ ਕਿ ਉਹ ਕੱਟੜ ਸੁੰਨੀ ਮੁਸਲਮਾਨ ਹੈ ਅਤੇ ਸੁੰਨੀ ਮੁਸਲਮਾਨਾਂ ਨੂੰ ਹੀ ਤਰਜੀਹ ਦੇਵੇਗਾ। ਅਕਬਰ ਬਾਦਸ਼ਾਹ ਦੇ ਜਿਉਂਦੇ ਜੀਅ ਹੀ ਉਸ ਨੇ ਉਸ ਦੇ ਮੁੱਖ ਸਲਾਹਕਾਰ ਦਾ ਕਤਲ ਕਰਵਾ ਦਿੱਤਾ ਸੀ। ਜਿਸ ਕਾਰਣ ਅਕਬਰ ਜਹਾਂਗੀਰ ਦੇ ਥਾਂ ਤੇ ਜਹਾਂਗੀਰ ਦੇ ਪੁੱਤਰ ਖੁਸਰੋ ਨੂੰ ਗੱਦੀ ਤੇ ਬਠਾਉਣਾ ਚਾਹੁੰਦਾ ਸੀ। ਬਦਕਿਸਮਤੀ ਦੇ ਨਾਲ ਅਕਬਰ ਬੀਮਾਰ ਹੋ ਗਿਆ ਅਤੇ ਉਸ ਦੀ ਅਚਾਨਕ ਮੌਤ ਹੋ ਗਈ। ਸੋ ਜਹਾਂਗੀਰ ਨੂੰ ਦਿੱਲੀ ਦੀ ਗੱਦੀ ਮਿਲ ਗਈ। ਖੁਸਰੋ ਡਰਦਾ ਮਾਰਿਆ ਦੌੜ ਪਿਆ। ਉਸ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿੱਚ ਆ ਕੇ ਆਪਣੀ ਸਲਾਮਤੀ ਲਈ ਅਰਦਾਸ ਕਰਵਾਈ। ਉਸ ਵੇਲੇ ਲਾਹੌਰ ਦਾ ਦੀਵਾਨ ਚੰਦੂ ਸ਼ਾਹ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ  ਦੀ ਸ਼ਹਾਦਤ ਦੇ ਕਾਰਣ ਤਾਂ ਹੋਰ ਵੀ ਕਈ ਸਨ। ਪ੍ਰੰਤੂ ਉਨ੍ਹਾਂ ਵਿਚੋਂ ਜੋ ਉਨ੍ਹਾਂ ਦੀ ਸ਼ਹਾਦਤ ਦਾ ਤਤਕਾਲੀ ਕਾਰਣ ਸੀ, ਉਹ ਇਹੀ ਸੀ ਜਿਸ ਦਾ ਸਿੱਧਾ ਦੋਸ਼ੀ ਚੰਦੂ ਹੀ ਸੀ। ਚੰਦੂ ਨੇ ਆਪਣੀ ਲੜਕੀ ਲਈ ਯੋਗ ਵਰ ਲਈ ਆਪਣੇ ਸਲਾਹਕਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਸ ਦੇ ਸਲਾਹਕਾਰਾਂ ਨੇ ਉਸ ਨੂੰ ਸਲਾਹ ਦਿੱਤੀ ਕਿ ਬਹੁਤ ਚੰਗੀ ਗੱਲ ਹੋਵੇ ਜੇਕਰ ਉਹ ਆਪਣੀ ਲੜਕੀ ਦਾ ਰਿਸ਼ਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਸ੍ਰੀ ਹਰਗੋਬਿੰਦ ਨਾਲ ਕਰ ਦੇਣ। ਉਨ੍ਹਾਂ ਕਿਹਾ ਕਿ ਬਾਲਕ ਬਹੁਤ ਹੋਣਹਾਰ ਹੈ। ਬਹਾਦਰੀ ਵਿੱਚ ਉਸ ਦਾ ਕੋਈ ਸਾਨੀ ਨਹੀਂ। ਇਸ ਨਾਲੋਂ ਹੋਰ ਚੰਗਾ ਵਰ ਮਿਲਣਾ ਔਖਾ ਹੈ। ਚੰਦੂ ਨੇ ਦੀਵਾਨ ਹੋਣ ਦਾ ਘਮੰਡ ਕੀਤਾ ਅਤੇ ਕਿਹਾ ਕਿ ਇਹ ਤਾਂ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣ ਵਾਲੀ ਗੱਲ ਹੋਈ। ਉਸ ਦਾ ਭਾਵ ਸੀ ਕਿ ਉਹ ਅਮੀਰ ਸੀ ਅਤੇ ਗੁਰੂ ਜੀ ਨੂੰ ਉਹ ਨੀਵਾਂ ਭਾਵ ਮੋਰੀ ਦੀ ਇੱਟ ਸਮਝਦਾ ਸੀ। ਇਸ ਲਈ ਆਪਣੇ ਸਲਾਹਕਾਰਾਂ ਦੀ ਗੱਲ ਨਾਲ ਉਹ ਉੱਕਾ ਹੀ ਸਹਿਮਤ ਨਾਂਹ ਹੋਇਆ।

ਕੁਝ ਸਮਾਂ ਹੋਰ ਬੀਤਿਆ। ਕਿਉਂਕਿ ਚੰਦੂ ਦੀ ਪਤਨੀ ਗੁਰੂ ਘਰ ਦੀ ਸ਼ਰਧਾਲੂ ਸੀ। ਸੋ ਉਸ ਨੇ ਜ਼ੋਰ ਪਾ ਕੇ ਚੰਦੂ ਨੂੰ ਇਸ ਗੱਲ ਲਈ ਸਹਿਮਤ ਕਰ ਲਿਆ ਕਿ ਇਹ ਰਿਸ਼ਤਾ ਕਰ ਲਿਆ ਜਾਵੇ। ਚੰਦੂ ਨੇ ਸਹਿਮਤ ਹੋ ਕੇ ਆਪਣੇ ਵਿਸ਼ੇਸ਼ ਭਰੋਸੇਯੋਗ ਆਦਮੀ ਸ਼ਗਨ ਦੇ ਕੇ ਗੁਰੂ ਅਰਜਨ ਦੇਵ ਜੀ ਵੱਲ ਭੇਜ ਦਿੱਤੇ। ਪ੍ਰੰਤੂ ਚੰਦੂ ਦੀਆਂ ਮਾਰੀਆਂ ਹੋਈਆਂ ਗੁੱਝੀਆਂ ਰਮਜ਼ਾਂ ਦਾ ਗੁਰੂ ਜੀ ਨੂੰ ਪਹਿਲੇ ਹੀ ਪਤਾ ਲੱਗ ਚੁੱਕਿਆ ਸੀ ਕਿ ਚੰਦੂ ਉਨ੍ਹਾਂ ਨੂੰ ਮੋਰੀ ਦੇ ਸਮਾਨ ਨੀਵਾਂ ਸਮਝਦਾ ਹੈ। ਸ਼ਗਨ ਪੁੱਜਣ ਉੱਤੇ ਗੁਰੂ ਜੀ ਨੇ ਸੰਗਤ ਬੁਲਾਈ। ਸਾਰੀ ਸੰਗਤ



ਨੇ ਇਕ ਅਵਾਜ਼ ਵਿੱਚ ਕਿਹਾ ਕਿ ਇਹ ਰਿਸ਼ਤਾ ਨਹੀਂ ਕਰਨਾ ਚਾਹੀਦਾ ਹੈ। ਸੋ ਗੁਰੂ ਜੀ ਭਲਾ ਸੰਗਤ ਦਾ ਕੀਤਾ ਫੈਸਲਾ ਕਿੰਞ ਟਾਲ ਸਕਦੇ ਸਨ? ਸੋ ਇਸ ਤਰ੍ਹਾਂ ਰਿਸ਼ਤੇ ਦਾ ਇਨਕਾਰ ਕਰ ਦਿੱਤਾ ਗਿਆ।

ਚੰਦੂ ਦੇ ਸਲਾਹਕਾਰ ਵਾਪਸ ਨਿਰਾਸ਼ ਪਰਤ ਆਏ ਅਤੇ ਉਨ੍ਹਾਂ ਨੇ ਚੰਦੂ ਨੂੰ ਇਹ ਗੱਲ ਖੋਲ੍ਹ ਸੁਣਾਈ। ਚੰਦੂ ਗੱਲ ਨੂੰ ਸੁਣ ਕੇ ਅੱਗ ਬਗੋਲਾ ਹੋ ਉੱਠਿਆ। ਉਹ ਤਾਂ ਪਹਿਲਾਂ ਹੀ ਬੜਾ ਅਭਿਮਾਨੀ ਸੀ। ਉਸ ਨੇ ਇਸ ਅਪਮਾਨ ਦਾ ਬਦਲਾ ਲੈਣ ਦਾ ਇੰਞ ਮਨ ਬਣਾਇਆ :

## ਚੰਦੂ ਦਾ ਅੱਗਲ ਬਗੋਲਾ ਹੋਣਾ

ਧੀ ਚੰਦੂ ਦੀ ਦਾ ਰਿਸ਼ਤਾ, ਜਦ ਸਤਿਗੁਰ ਨੇ ਠੁਕਰਾਇਆ।
ਚੰਦੂ ਹੋਇਆ ਅੱਗ ਬਗੋਲਾ, ਕਿੰਞ ਉਸ ਰੌਲਾ ਪਾਇਆ।
ਕਹਿੰਦਾ ਗੁਰੂ ਸਮਝਿਆ ਕੀ ਏ, ਕਿੰਞ ਹੈਂਕੜ ਉਹ ਕਰਦਾ ?
ਮੇਰੇ ਤੋਂ ਤਾਂ ਪੱਤਾ ਪੱਤਾ, ਅੱਜ ਲਾਹੌਰ ਦਾ ਡਰਦਾ।
ਮੇਰੀ ਚੁਗਲੀ ਤੋਂ ਤਾਂ ਡਰਦਾ, ਅੱਜ ਏ ਸਾਰਾ ਜ਼ਮਾਨਾ।
ਹੁਣੇ ਹੀ ਜਾ ਕੇ ਜਹਾਂਗੀਰ ਤਾਈਂ, ਚੁਗਲੀ ਉਸਦੀ ਲਾਨਾ।
ਕਿਵੇਂ ਮੈ ਉਸ ਦੀ ਗੱਤ ਬਣਵਾਉਂ,ਮੁਰਗਾਂ ਮੈਂ ਬਣਵਾਊਂ।
ਦੱਛਣਾ ਦਾ ਭੰਡਾਰਾ ਭਰਿਆ, ਖਾਲੀ ਝੱਟ ਕਰਾਂਊਂ।
ਉਸਦੀ ਇੱਕ ਇੱਕ ਗੱਲ ਦੀ ਮੈਂ, ਅੱਜ ਸਜ਼ਾ ਦਵਾਊਂ ਭਾਰੀ।
ਅਗੇ ਤੋਂ ਵੀ ਯਾਦ ਉਹ ਰੱਖੂ, ਮੇਰੀ ਗਲ ਕਰਾਰੀ।
ਦਿੱਲੀ ਵਿੱਚ  ਏ ਜਹਾਂਗੀਰ, ਏਥੇ ਮੇਰੀ ਸਰਦਾਰੀ।
ਉਸ ਠੁਕਰਾਇਆ ਮੇਰਾ ਰਿਸ਼ਤਾ, ਕਿਸਮਤ ਉਹਦੀ ਮਾੜੀ।
ਅੱਜ ਵੇਖੂਗੀ ਸਾਰੀ ਦੁਨੀਆਂ, ਕਿੰਞ  ਉਸਨੂੰ ਤੜਪਾਂਵਾਂ।
ਦਿੱਲੀ ਅੰਦਰ ਜਾ ਕੇ ਉਸਨੂੰ, ਚੰਗੀ ਸਜ਼ਾ ਦੁਆਵਾਂ।
ਰਾਜਾ ਮੇਰੀ ਹਰ ਗਲ ਮੰਨਦਾ, ਹਰ ਦੰਮ ਸੀਸ ਨਿਵਾਵਾਂ।
ਮੋੜ ਸਕੇ ਨਾਂਹ ਮੇਰੀ ਗਲ ਉਹ, ਜੋ ਵੀ ਗੱਲ ਸੁਣਾਵਾਂ।
ਝੱਟ ਬੱਘੀ ਮੰਗਵਾਉ ਮੇਰੀ, ਹੁਣੇ ਦਿੱਲੀ ਨੂੰ ਧਾਂਵਾਂ।
ਲਾਡਪੁਰੀ ਦਿੱਲੀ ਜਾ ਛੇਤੀ, ਇਕ ਦੀਆਂ ਚਾਰ ਮੈਂ ਲਾਵਾਂ।

ਚੰਦੂ ਨੇ ਇਕ ਦਮ ਤਿਆਰ ਹੋ ਕੇ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ। ਉਹ ਰਾਹ

ਵਿੱਚ ਮਨ ਹੀ ਮਨ ਵਿੱਚ ਵਿਉਂਤ ਬਣਾ ਰਿਹਾ ਸੀ। ਉਹ ਕਿਹੜੀ ਕਹਾਣੀ ਘੜੇ ਜਿਸ ਦਾ ਅਸਰ ਬਾਦਸ਼ਾਹ ਉੱਤੇ ਇਕ ਦਮ ਹੋ ਜਾਵੇ? ਉਸ ਦੇ ਮਨ ਵਿੱਚ ਵਿਚਾਰ ਆਇਆ ਕਿ ਜਦੋਂ ਬਾਦਸ਼ਾਹ ਗੱਦੀ ਉੱਤੇ ਬੈਠਾ ਸੀ। ਓਦੋਂ ਖੁਸਰੋ ਆਪਣੇ ਪਿਤਾ ਜਹਾਂਗੀਰ ਤੋਂ ਡਰਦਾ ਮਾਰਾ ਗੁਰੂਆਂ ਦਾ ਅਸ਼ੀਰਵਾਦ ਲੈਣ ਲਈ ਆਇਆ ਸੀ। ਇਸ ਲਈ ਬਾਦਸ਼ਾਹ ਨੇ ਗੁਰੂਆਂ ਨੂੰ ਸਪੱਸ਼ਟਤਾ ਦੇਣ ਲਈ ਕੋਈ ਆਦੇਸ਼ ਲਾਹੌਰ ਦੇ ਦੀਵਾਨ ਰਾਹੀਂ ਭੇਜਿਆ ਸੀ। ਬੱਸ, ਚੰਦੂ ਨੂੰ ਤਾਂ ਕੋਈ ਬਹਾਨਾਂ ਚਾਹੀਦਾ ਸੀ। ਉਸ ਨੇ ਏਸੇ ਬਹਾਨੇ ਨੂੰ ਇਕ ਸ਼ਮਸ਼ੀਰ ਦੇ ਤੌਰ ਤੇ ਵਰਤਣ ਦਾ ਮਨ ਬਣਾ ਲਿਆ। ਬਾਦਸ਼ਾਹ ਜਹਾਂਗੀਰ ਨੂੰ ਆਪਣੇ ਪਾਸੋਂ ਚਿਕਨੀਆਂ ਚੋਪੜੀਆਂ ਲਾ ਕੇ ਇਹ ਚੰਦੂ ਇੰਜ ਚੁਗਲੀ ਲਾਉਂਦਾ ਹੈ :

## ਚੰਦੂ ਦੀ ਚੁਗਲੀ

ਚੰਦੂ ਜਾ ਕੇ ਰਾਜੇ ਕੋਲ ਮਾਰੇ ਚੁਗਲੀ,
ਇਕ ਇਕ ਦੀਆਂ ਚਾਰ ਉਹ ਤਾਂ ਲਾਵੇ।
ਰਾਜੇ ਦੇਉਹ ਗੁੱਸੇ ਨੂੰ ਵਧਾਉਣ ਦੇ ਲਈ,
ਮਨ ਘੜਤ ਕਹਾਣੀਆਂ ਬਣਾਵੇ।

.......................................................................................

ਚੁਗਲੀ ਦੀ ਤੀਲੀ ਲਾ ਕੇ ਚੰਦੂ ਵੇਖੋ ਅੱਜ,
ਕਿਵੇਂ ਬਾਦਸ਼ਾਹ ਦੇ ਤਾਈਂ ਭੜਕਾਉਂਦਾ ਏ।
ਬਾਦਸ਼ਾਹ ਜੀ, ਅਰਜਨ ਨਾਂ ਦਾ ਆਦਮੀ,
ਲੋਕਾਂ ਵਿੱਚ ਇਹ ਖੁਦਾਅ ਹੀ ਕਹਾਉਂਦਾ ਏ।
ਝੂਠ ਦੀ ਦੁਕਾਨ ਨੂੰ ਆਹ ਬੰਦ ਕਰ ਦੌ,
ਨਹੀਂ ਤਾਂ ਨਵੇਂ ਹੀ ਪੁਆੜੇ ਉਹ ਤਾਂ ਪਾਵੇ।
ਚੰਦੂ ਜਾ ਕੇ ਰਾਜੇ ਕੋਲ...............।

ਫ਼ੁਰਮਾਨ ਆਪ ਦਾ ਜੋ ਗਿਆ ਓਸ ਪਾਸ,
ਓਸ ਪੜ੍ਹ ਕੇ ਵਗਾਹ ਕਰ ਮਾਰਿਆ।
ਰਾਜੇ ਦੇ ਤਾਂ ਹੁਕਮਾਂ ਨੂੰ ਟਿੱਚ ਜਾਣਦਾ,
ਉਹ ਤਾਂ ਵੇਖੋ ਅੱਜ ਕਿਵੇਂ ਹੰਕਾਰਿਆ।



ਤੁਹਾਡੇ ਬਿਨਾਂ ਹੈਂਕੜ ਇਹ ਕੌਣ ਭੰਨ ਸਕੇ,
ਕਿੰਵ ਅੱਖਾਂ ਉਹ ਤਾਂ ਆਪ ਨੂੰ ਵਖਾਵੇ।
ਚੰਦੂ ਜਾ ਕੇ ਰਾਜੇ ਕੋਲ...............।
ਹਿੰਦੂਆਂ ਤੋਂ ਭੇਟਾ ਲੈ ਕੇ ਧੰਨ ਕੱਠਾ ਕਰ,
ਓਸ ਭਰ ਲਏ ਨੇ ਅੱਜ ਤਾਂ ਭੰਡਾਰੇ।
ਜੇ ਨਾਂਹ ਨੱਥ ਪਾਈ ਓਸ ਝੂਠ ਤੇ ਪਖੰਡੀ ਨੂੰ,
ਉਹ ਆਪ ਨੂੰ ਹੀ ਨੁੱਕਰੇ ਲਾਵੇ।
ਚੰਦੂ ਜਾ ਕੇ ਰਾਜੇ ਕੋਲ...............।
ਮੈਂ ਤੇ ਕਹਿਨਾ ਹੁਣੇ ਹੀ ਸਿਪਾਹੀ ਭੇਜ ਕੇ,
ਉਹਨੂੰ ਝੱਟ ਏਸ ਥਾਂ ਤੇ ਬੁਲਾਵੋ।
ਝੂਠ ਤੇ ਫਰੇਬ ਦਾ ਆਹ ਚੁੱਕ ਪਰਦਾ,
ਉਹਦੇ ਨੱਕ ਚ, ਨਕੇਲ ਝੱਟ ਪਾਵੋ।
ਸੂਹ ਲਗੀ ਉਹਨੂੰ ਲੋਕਾਂ ਤਾਈਂ ਕੱਠੇ ਕਰੂੰ,
ਕਿਤੇ ਜਨਤਾ ਨੂੰ ਨਾਂਹ ਭੜਕਾਵੇ।
ਚੰਦੂ ਜਾ ਕੇ ਰਾਜੇ ਕੋਲ...............।

ਆਪ ਤੋਂ ਨਹੀਂ ਸੂਤ ਆਉਂਦਾ ਮੈਨੂੰ ਦਿਉ ਆਗਿਆ,
ਆਹ ਵੇਖੋ ਹੱਥ ਕਿਵੇਂ ਮੈਂ ਵਖਾਵਾਂਗਾ।
ਹੱਥ ਉਹਦੇ ਬੰਨ੍ਹ ਕੇ ਕਟਹਿਰੇ ਵਿੱਚ ਖੜਾ ਕੰਰੂ,
ਉਹਦਾ ਆਕੀ ਪੁਣਾਂ ਮੈਂ ਗਵਾਵਾਂਗਾ।
ਲੋਕਾਂ ਦੇ ਜੋ ਧੰਨ ਉੱਤੇ ਮੌਜਾਂ ਮਾਣਦਾ ਏ,
ਲਾਡਪੁਰੀ ਇਹ ਖ਼ਜ਼ਾਨੇ ਧੰਨ ਆਵੇ।
ਚੰਦੂ ਜਾ ਕੇ ਰਾਜੇ ਕੋਲ...............।

ਆਮ ਤੌਰ ਤੇ ਮੁੱਢ ਕਦੀਮਾਂ ਤੋਂ ਹੀ ਇਹ ਰਿਵਾਇਤ ਚਲੀ ਆ ਰਹੀ ਹੈ ਅਤੇ ਕਾਫੀ ਹੱਦ ਤੱਕ ਇਹ ਪਰੰਪਰਾ ਸੱਚ ਵੀ ਨਿਕਲੀ ਹੈ ਕਿ ਰਾਜੇ ਕੰਨਾਂ ਦੇ ਕੱਚੇ ਹੁੰਦੇ ਹਨ। ਉਨ੍ਹਾਂ ਦਾ ਆਮ ਜਨਤਾ ਨਾਲ ਨੇੜੇ ਦਾ ਸੰਬੰਧ ਨਹੀਂ ਹੁੰਦਾ ਅਤੇ ਵਿਚੋਲਿਆਂ ਦਾ ਉਨ੍ਹਾਂ ਉੱਤੇ ਸਿੱਧਾ ਅਸਰ ਹੋ ਜਾਂਦਾ ਹੈ। ਸੋ ਚੰਦੂ ਦੀ ਚੁਗਲੀਆਂ ਦਾ ਵੀ ਜਹਾਂਗੀਰ ਤੇ ਕੁਝ ਏਸੇ ਤਰ੍ਹਾਂ ਦਾ ਹੀ

ਪ੍ਰਭਾਵ ਹੋਇਆ।

ਚੁਗਲੀ ਕਰਨ ਵਾਲਾ ਬੰਦਾ ਚੁਗਲੀ ਵੀ ਲਾਉਂਦਾ ਹੈ ਅਤੇ ਉਸ ਦਾ ਸਵਾਦ ਵੀ ਲੈਂਦਾ ਹੈ। ਉਸ ਦਾ ਇਸ ਵਿੱਚ ਭਲਾ ਹੋਵੇ ਤਾਂ ਨੁਕਸਾਨ, ਉਹ ਕਦੀ ਵਿਚਾਰ ਨਹੀਂ ਕਰਦਾ। ਚੁਗਲ-ਖੋਰ ਬੰਦਾ ਜਦ ਵੀ ਚੁਗਲੀ ਕਰੇਗਾ ਤਾਂ ਕਿਸੇ ਦੇ ਕੰਨ ਵਿੱਚ ਇਕੱਲਾ ਹੀ ਕਰੇਗਾ। ਇਕੱਲੇ ਕਿਸੇ ਨੂੰ ਮਿਲਣਾ ਅਤੇ ਲੁਕ ਕੇ ਚੁਗਲੀ ਕਰਨਾ ਇਹ ਉਸ ਦਾ ਸੁਭਾਅ ਹੁੰਦਾ ਹੈ। ਜਿਵੇਂ ਸੱਪ ਨੂੰ ਸੌ ਦੁੱਧ ਵੀ ਪਿਆਵੋ ਤਾਂ ਵੀ ਉਹ ਉਸ ਦਾ ਮਿੱਤਰ ਨਹੀਂ ਬਣ ਜਾਂਦਾ। ਜਦ ਵੀ ਉਸ ਦਾ ਦਾਅ ਲਗਿਆ ਉਸ ਨੇ ਤਾਂ ਡੰਗ ਮਾਰਨਾ ਹੀ ਹੈ। ਇਨ੍ਹਾਂ ਚੁਗਲ-ਖੋਰਾਂ ਦਾ ਇਹੋ ਜਿਹਾ ਹੀ ਸੁਭਾਅ ਹੁੰਦਾ ਹੈ। ਕਵੀ ਚੁਗਲ-ਖੋਰਾਂ ਬਾਰੇ ਇੰਜ ਕਹਿੰਦਾ ਹੈ:

## ਚੁਗਲੀ

ਨਾਂਹ ਚੁਗਲੀ ਕਰ ਭੁੱਲ ਕੇ, ਇਹ ਤਾਂ ਨਵੇਂ ਪੁਆੜੇ ਪਾਊ।
ਅੱਗ ਚੁਗਲੀ ਦੀ ਸੱਜਣਾਂ, ਇਹ ਤਾਂ ਘਰ ਘਰ ਦੇ ਵਿੱਚ ਲਾਊ।

.....................................................................................

ਦੱਸ ਚੁਗਲੀ ਵਾਲਾ ਚੁਗਲੀ ਦੀ, ਆਦਤ ਨੂੰ ਕਿਵੇਂ ਵਰਾਵੇ।
ਸਾਹਵੇਂ ਨਹੀਂ ਗਲ ਕਰਦਾ, ਇਹ ਤਾਂ ਕੰਨਾਂ ਵਿੱਚ ਸੁਣਾਵੇ।
ਕਾਨੋ-ਫੂਸੀ ਇਹਦੀ, ਅੱਜ ਕੋਈ ਨਵੀਂ ਹੀ ਚੰਨ ਚੜ੍ਹਾਊ।
ਨਾਂਹ ਚੁਗਲੀ ਕਰ ਭੁਲਕੇ...............।
ਚੰਦੂ ਦੀ ਚੁਗਲੀ ਨੇ, ਤਦ ਕਿੰਨਾ ਸੀ ਕਹਿਰ ਕਮਾਇਆ।
ਅਰਜਨ ਜਿਹੇ ਗੁਰੂਆਂ ਨੂੰ, ਵਿੱਚ ਲਾਹੌਰ ਸ਼ਹੀਦ ਕਰਾਇਆ।
ਸੁੱਕੇ ਤਾਂ ਸੜ ਜਾਣੇ, ਇਹ ਤਾਂ ਗਿੱਲੇ ਫੂਕ ਮੁਕਾਊ।
ਨਾਂਹ ਚੁਗਲੀ ਕਰ ਭੁਲਕੇ...............।
ਕਿੰਨਾ ਚਿਰ ਝੂਠੇ ਨੇ, ਆਪਣੇ ਏਸ ਝੂਠ ਤੋਂ ਬਚਣਾ।
ਆਪਣੇ ਜਾਲਾਂ ਅੰਦਰ, ਇਕ ਦਿਨ ਆਪੇ ਹੀ ਏ ਫਸਣਾਂ।
ਇਹਦਾ ਆਪਣਾ ਭਾਂਬੜ, ਇਸਦੇ ਘਰ ਨੂੰ ਅੱਗਾਂ ਲਾਊ।
ਨਾਂਹ ਚੁਗਲੀ ਕਰ ਭੁਲਕੇ...............।
ਕੀ ਆਖਾਂ ਇਸ ਨੂੰ ਮੈਂ, ਇਸਦੀ ਆਦਤ ਬੜੀ ਪੁਰਾਣੀ।
ਮਨ ਘੜਤ, ਬਨਾਉਟੀ ਜਿਹੀ, ਇਸ ਨੇ ਘੜਨੀ ਨਿੱਤ ਕਹਾਣੀ।



ਚੁਗਲੀ ਦੀ ਲਾਡਪੁਰੀ ਦਸੋ ਆਦਤ ਕੌਣ ਹਟਾਊ।
ਨਾਂਹ ਚੁਗਲੀ ਕਰ ਭੁਲਕੇ..............।

ਸੋ ਬਾਦਸ਼ਾਹ ਨੇ ਜਦੋਂ ਜੰਦੂ ਦੀਆਂ ਚਿਕਨੀਆਂ ਚੋਪੜੀਆਂ ਅਤੇ ਮਸਾਲੇ ਨਾਲ ਭਰਪੂਰ ਇਹ ਗੱਲਾਂ ਇੱਕਲਿਆਂ ਇਕ ਬੰਦ ਕਮਰੇ ਵਿੱਚ ਬੈਠ ਕੇ ਸੁਣੀਆਂ ਤਾਂ ਸੁਭਾਵਕ ਹੀ ਉਸਦੇ ਉੱਤੇ ਇਨ੍ਹਾਂ ਚੁਗੀਆਂ ਦਾ ਪ੍ਰਭਾਵ ਪੈਣਾ ਹੀ ਸੀ ਉਸ ਨੇ ਚੰਦੂ ਦੇ ਪ੍ਰਭਾਵ ਹੇਠ ਆ ਕੇ ਗੁਰੂ ਅਰਜਨ ਦੇਵ ਉਸ ਦੇ ਹੁਕਮਾਂ ਨੂੰ ਟਿੱਚ ਕਰ ਕੇ ਜਾਣਦਾ ਹੈ, ਰਾਜੇ ਨੇ ਦੋ ਲੱਖ ਰੁਪਏ ਜੁਰਮਾਨਾ ਕਰ ਦਿੱਤਾ ਅਤੇ ਨਾਲ ਹੀ ਕਿਹਾ ਕਿ ਇਹ ਰਕਮ ਇਕ ਹਫਤੇ ਵਿੱਚ ਰਾਜ ਦੇ ਖਜ਼ਾਨੇ ਵਿੱਚ ਜਮ੍ਹਾਂ ਹੋਣੀ ਚਾਹੀਦੀ ਹੈ। ਇਸ ਦੀ ਪੂਰਨ ਜ਼ਿੰਮੇਵਾਰੀ ਬਾਦਸ਼ਾਹ ਨੇ ਚੰਦੂ ਨੂੰ ਦੇ ਦਿੱਤੀ ਕਿਉਂਕਿ ਸੰਬੰਧਤ ਇਲਾਕੇ ਲਾਹੌਰ ਦਾ ਉਹੀ ਦੀਵਾਨ ਸੀ। ਬਾਦਸ਼ਾਹ ਨੇ ਇਹ ਫ਼ਰਮਾਨ ਇੰਜ ਜਾਰੀ ਕੀਤਾ :

## ਬਾਦਸ਼ਾਹ ਦਾ ਫ਼ੁਰਮਾਨ..........

ਚੁਗਲੀ ਚੰਦੂ ਦੀ ਦਾ ਅਸਰ ਘੋਰ ਹੋਇਆ,
ਜਹਾਂਗੀਰ ਫ਼ੁਰਮਾਨ ਬਨਾਉਣ ਲੱਗਾ।
ਵੇਖੋ ਸ਼ਾਂਤੀ ਦੇ ਪੁੰਜ ਸਤਿਗੁਰਾਂ ਤੇ,
ਕਿਵੇਂ ਅੱਗ ਦਾ ਕਹਿਰ ਵਰਸਾਉਣ ਲੱਗਾ।
ਲਿਖਿਆ ਵਿੱਚ ਲਾਹੌਰ ਦੇ ਭੇਜ ਬੰਦੇ,
ਤੁਸੀਂ ਚੰਦੂ ਜੀ ਝੱਟ ਬੁਲਾਉ ਉਹਨੂੰ।
ਸਾਥੋਂ ਹੋਰ ਗੁਸਤਾਖੀ ਨਹੀਂ ਝੱਲ ਹੁੰਦੀ,
ਹੈਂਕੜ ਭੰਨ ਉਸਦੀ ਨੱਥ ਪਾਉ ਉਹਨੂੰ।
ਰਾਜੇ ਭਾਰਤ ਦੇ ਮੈਂ ਸਾਰੇ ਵੱਸ ਕੀਤੇ,
ਵੇਖ ਜੇਲ੍ਹਾਂ ਦੇ ਅੰਦਰ ਖਲ੍ਹਿਆਰ ਦਿੱਤੇ।
ਪੱਤਾ ਪੱਤਾ ਮੈਥੋਂ ਅਜ ਕੰਬਦਾ ਏ,
ਜਿਹੜੇ ਅੜੇ ਅੱਗੇ ਸਾਰੇ ਮਾਰ ਦਿੱਤੇ।
ਆਹ ਲੈ ਹੁਕਮ-ਅਦੂਲੀ ਦਾ ਡੰਨ ਉਹਦਾ,
ਦੋ ਲੱਖ ਰੁਪਈਏ ਮੰਗਵਾਓ ਉਸਤੋਂ।
ਸੱਤ ਦਿਨਾਂ ਦਾ ਕੇਵਲ ਏ ਸਮਾਂ ਉਸ ਲਈ,
ਸੱਦ ਕੇ ਵਾਸਤੇ ਵੱਖ ਪਵਾਉ ਉਸਤੋਂ।

ਤੇਰੀ ਰਹਿਮਤਾਂ ਦੇ ਅੱਜ ਤੋਂ ਵੱਸ ਪਾਇਆ,

ਉਸਨੂੰ ਚੰਗਾ ਜ਼ਲੀਲ ਕਰਾ ਛੱਡਣਾ।

ਲਾਡਪੁਰੀ ਐਸੀ ਡਾਢੀ ਸਜ਼ਾ ਦੇਣੀ।

ਚੇਲੇ ਚਾਂਟਿਆਂ ਤਾਈਂ ਡਰਾ ਛੱਡਣਾ।

ਇਹ ਫ਼ੁਰਮਾਨ ਹੱਥੀਂ ਜਹਾਂਗੀਰ ਬਾਦਸ਼ਾਹ ਤੋਂ ਪ੍ਰਾਪਤ ਕਰਕੇ ਚੰਦੂ ਲਾਹੌਰ ਪੁੱਜਿਆ। ਉਸ ਦੇ ਗੁੱਸੇ ਦਾ ਅੰਤ ਨਹੀਂ ਸੀ। ਗੁੱਸੇ ਵਿੱਚ ਕਦੀ ਉਹ ਬਾਹਰ ਜਾਂਦਾ ਅਤੇ ਕਦੀ ਅੰਦਰ ਜਾਂਦਾ। ਦੀਵਾਨ ਨੇ ਭਰੇ ਦਰਬਾਰ ਵਿਚੋਂ ਆਪਣੇ ਕਿਸੇ ਖਾਸ ਭਰੋਸੇਯੋਗ ਆਦਮੀ ਨੂੰ ਆਪਣੇ ਪਾਸ ਬੁਲਾਇਆ। ਉਸ ਨੂੰ ਬਾਦਸ਼ਾਹ ਦਾ ਫ਼ੁਰਮਾਨ ਦਿੱਤਾ ਅਤੇ ਕਿਹਾ ਕਿ ਉਹ ਜਾ ਕੇ ਗੁਰੂ ਨੂੰ ਇਹ ਫੁਰਮਾਨ ਵੀ ਸੁਣਾਏ ਅਤੇ ਨਾਲ ਹੀ ਉਨ੍ਹਾਂ ਨੂੰ ਆਪਣੇ ਵਲੋਂ ਵੀ ਬੁਰਾ ਭਲਾ ਕਹੇ। ਚੰਗਾ ਹੋਵੇ ਕਿ ਉਹ ਗੁਰੂ ਨੂੰ ਨਾਲ ਲਾਹੌਰ ਲੈ ਕੇ ਆਵੇ।

ਚੰਦੂ ਦਾ ਭੇਜਿਆ ਹੋਇਆ ਏਲਚੀ ਬਾਦਸ਼ਾਹ ਜਹਾਂਗੀਰ ਦਾ ਫ਼ੁਰਮਾਨ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿੱਚ ਪੇਸ਼ ਹੋਇਆ ਤਾਂ ਉਹ ਗੁਰੂ ਜੀ ਦੀ ਮਸਤਕ ਦੀ ਨੂਰਾਨੀ ਸਾਮ੍ਹਣੇ ਕੋਈ ਵੀ ਅਪਸ਼ਬਦ ਨਾਂਹ ਕਹਿ ਸਕਿਆ। ਭਾਵੇਂ ਕੋਈ ਕਿੰਨਾ ਵੀ ਵਿਰੋਧੀ ਹੋਵੇ ਉਨ੍ਹਾਂ ਦੀ ਮਸਤਕ ਦੀ ਨੂਰਾਨੀ ਅੱਗੇ ਆਪਣੇ ਆਪ ਹੀ ਝੁਕ ਜਾਂਦਾ ਸੀ। ਸੋ ਇਸ ਏਲਚੀ ਦਾ ਸਿੰਘਾਂ ਨੇ ਸਨਮਾਨ ਕੀਤਾ। ਉਹ ਗੁਰੂ ਜੀ ਦੇ ਨਰਮ ਸੁਭਾਅ ਉੱਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਹ ਗੁਰੂ ਜੀ ਨੂੰ ਕੋਈ ਅਪ-ਸ਼ਬਦ ਨਾਂਹ ਕਹਿ ਸਕਿਆ। ਸਗੋਂ ਉਸ ਨੇ ਗੁਰੂ ਜੀ ਨੂੰ ਏਥੇ ਤੱਕ ਵੀ ਕਹਿ ਦਿੱਤਾ ਕਿ ਚੰਦੂ ਦੀ ਉਨ੍ਹਾਂ ਦੇ ਪ੍ਰਤੀ ਚੰਗੀ ਨੀਯਤ ਨਹੀਂ ਹੈ। ਉਹ ਉਨ੍ਹਾਂ ਦੇ ਵਿਰੁੱਧ ਕੁਝ ਵੀ ਕਰ ਸਕਦਾ ਹੈ।

ਗੁਰੂ ਜੀ ਨੇ ਉਸ ਏਲਚੀ ਰਾਹੀਂ ਕਹਿ ਭੇਜਿਆ ਕਿ ਉਹ ਚੰਦੂ ਨੂੰ ਦੱਸ ਦੇਵੇ ਕਿ ਗੁਰੂ-ਘਰ ਦੀ ਗੋਲਕ ਰਾਜ ਦੀਆਂ ਚੱਟੀਆਂ ਭਰਨ ਲਈ ਨਹੀਂ ਹੈ। ਉਹ ਤਾਂ ਆਪ ਵੀ ਇਸ ਗੋਲਕ ਵਿਚੋਂ ਇਕ ਦਮੜੀ ਤੱਕ ਵੀ ਖਰਚ ਨਹੀਂ ਕਰ ਸਕਦੇ। ਗੁਰੂ ਜੀ ਨੇ ਕਿਹਾ ਕਿ ਮੇਰੀ ਜਾਨ ਹਾਜ਼ਰ ਹੈ। ਸੋ ਇਸ ਲਈ ਮੈਂ ਆਪਣੀ ਜਾਨ ਲੇ ਕੇ ਬਹੁਤ ਛੇਤੀ ਚੰਦੂ ਪਾਸ ਲਾਹੌਰ ਵਿਖੇ ਪੁੱਜ ਜਾਵਾਂਗਾ।

ਜਦ ਏਲਚੀ ਨੇ ਜਾ ਕੇ ਚੰਦੂ ਨੂੰ ਇਹ ਖਬਰ ਸੁਣਾਈ ਤਾਂ ਚੰਦੂ ਹੋਰ ਵੀ ਲਾਲ ਪੀਲਾ ਹੋਇਆ ਅਤੇ ਕਹਿਣ ਲੱਗਾ ਕਿ ਉਨ੍ਹਾਂ ਨੂੰ ਏਥੇ ਤਾਂ ਆ ਲੈਣ ਦਿਓ ਫਿਰ ਵੇਖੋ ਮੇਰੇ ਹੱਥ। ਉਹ ਸਮੇਂ ਦੀ ਬੜੀ ਤੀਬਰਤਾ ਨਾਲ ਉਡੀਕ ਕਰਨ ਲੱਗਾ।

ਏਧਰ ਗੁਰੂ ਜੀ ਨੂੰ ਪਤਾ ਹੀ ਸੀ ਕਿ ਚੰਦੂ ਉਨ੍ਹਾਂ ਨਾਲ ਕੀ ਵਰਤਾਰਾ ਕਰੇਗਾ। ਉਨ੍ਹਾਂ ਨੇ ਸੰਗਤ ਬੁਲਾਈ ਅਤੇ ਲਾਹੌਰ ਜਾਣ ਤੋਂ ਪਹਿਲਾਂ ਹੀ ਗੁਰੂ ਹਰਿ ਗੋਬਿੰਦ ਜੀ ਨੂੰ ਦੋ



ਕਿਰਪਾਨਾਂ ਪੁਆ ਦਿੱਤੀਆਂ ਇਕ ਮੀਰੀ ਦੀ ਤੇ ਦੂਜੀ ਪੀਰੀ ਦੀ। ਉਨ੍ਹਾਂ ਦਾ ਭਾਵ ਸੀ ਕਿ ਹੁਣ ਵੇਲਾ ਆ ਗਿਆ ਹੈ ਕਿ ਭਗਤੀ ਵੀ ਸ਼ਕਤੀ ਤੋਂ ਬਿਨਾਂ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਾਨੂੰ ਸਭ ਨੂੰ ਸ਼ਕਤੀਵਾਨ ਹੋਣਾ ਪਏਗਾ।

ਹੁਣ ਗੁਰੂ ਜੀ ਨੇ ਲਾਹੌਰ ਵੱਲ ਚਾਲੇ ਪਾ ਦਿੱਤੇ। ਉਨ੍ਹਾਂ ਦੇ ਨਾਲ ਕੁਝ ਸਾਥੀ ਸਿੰਘ ਵੀ ਗਏ। ਜਿਉਂ ਹੀ ਗੁਰੂ ਜੀ ਚੰਦੂ ਦੇ ਦਰਬਾਰ ਪੁੱਜੇ ਚੰਦੂ ਨੇ ਗੁਰੂ ਜੀ ਨੂੰ ਕਈ ਅਪ-ਸ਼ਬਦ ਵੀ ਕਹੇ । ਗੁਰੂ ਜੀ ਨੂੰ ਕੈਦ ਲਿਆ ਗਿਆ ਅਗੇ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋ ਗਈ। ਚੰਦੂ ਨੂੰ ਆਪਣੀ ਮਨ-ਮਰਜ਼ੀ ਕਰਨ ਦਾ ਮੌਕਾ ਮਿਲ ਗਿਆ। ਉਸ ਨੇ ਜੱਲਾਦਾਂ ਨੂੰ ਹੁਕਮ ਕੀਤਾ ਕਿ ਗੁਰੂ ਜੀ ਨੂੰ ਵੱਧ ਤੋਂ ਵੱਧ ਤਸੀਹੇ ਦੇਣ। ਉਸ ਦੇ ਕਹਿਣ ਅਨੁਸਾਰ ਜੱਲਾਦਾਂ ਨੇ ਪਹਿਲਾਂ ਉਨ੍ਹਾਂ ਨੂੰ ਤੱਤੀ ਲੋਹ ਉੱਤੇ ਬਿਠਾਇਆ। ਚੰਦੂ ਨੇ ਕਿਹਾ ਕਿ ਇੰਝ ਨਹੀਂ ਇਨ੍ਹਾਂ ਉਤੇ ਤੱਤੀ ਰੇਤਾਂ ਪਾਉ ਅਤੇ ਸਰੀਰ ਛਾਨਣੀ ਛਾਨਣੀ ਕਰ ਦਿਉ। ਜੱਲਾਦਾਂ ਨੇ ਤਾਂ ਉਸ ਦਾ ਹੁਕਮ ਵਜਾਉਣਾ ਸੀ ਇਸ ਸਬੰਧੀ ਕਵੀ ਇੰਝ ਲਿਖਦਾ ਹੈ :

### :ਪੰਜਵੇਂ ਪਾਤਸ਼ਾਹ ਦੀ ਸ਼ਹੀਦੀ........

ਔਹ ਦੋ ਜਹਾਨ ਵਾਲੀ, ਤੱਤੀ ਤਵੀ ਤੇ ਬਹਿ ਮੁਸਾਕਾਵੇ।
ਜ਼ੁਲਮਾਂ ਨੂੰ ਸਹਿੰਦਾ ਉਹ, ਵੇਖੋ ਉੱਕਾ ਨ ਘਬਰਾਏ।
ਅਜ ਚੰਦੂ ਦੀ ਚੁਗਲੀ ਆਹ ਕੋਈ ਨਵਾਂ ਹੀ ਰੰਗ ਲਿਆਊ।
ਚੰਦੂ ਦੇ ਜ਼ੁਲਮਾਂ ਦਾ, ਇਹ ਤਾਂ ਲੇਖ ਖੋਲ੍ਹ ਸੁਣਾਊ।
ਕਿੰਵ ਏਧਰ ਸਤਿਗੁਰ ਪਈ, ਵੇਖੋ ਸਿਦਕਾਂ ਨੂੰ ਅਜ਼ਮਾਵੇ।
ਔਹ ਦੋ ਜਹਾਨ ਵਾਲੀ......................।
ਚੰਦੂ ਜੱਲਾਦਾਂ ਨੂੰ, ਕਹਿੰਦਾ ਖ਼ੂਬ ਇਹਨੂੰ ਤੜਪਾਵੋ।
ਮੇਰਾ ਮਨ ਨਹੀਂ ਭਰਿਆ, ਇਸ ਤੇ ਤੱਤੀ ਰੇਤਾ ਪਾਵੋ।
ਅੱਜ ਵੇਖਾਂਗਾ ਕਿਹੜਾ, ਇਹਨੂੰ ਮੈਥੋਂ ਆਣ ਛੁਡਾਵੇ !
ਔਹ ਦੋ ਜਹਾਨ ਵਾਲੀ......................।
ਓ ਚੰਦੂ ਕਰ ਲੈ ਤੂੰ, ਜਿੰਨੇ ਮਰਜ਼ੀ ਜ਼ੁਲਮ ਇਹ ਭਾਰੀ।
ਤੇਰੇ ਜ਼ੁਲਮਾਂ ਵਿੱਚ ਲੁਕੀ, ਇਹ ਇਸ ਦੇਸ਼ ਦੀ ਕਿਸਮਤ ਸਾਰੀ।
ਹੁਣ ਦੇਸ਼ ਵਾਸੀਆਂ ਵੀ, ਸਿਦਕ ਦੇ ਭਰਨੇ ਖ਼ੂਬ ਕਲਾਵੇ।
ਔਹ ਦੋ ਜਹਾਨ ਵਾਲੀ......................।

ਨੇੜਾ ਮੁੱਕਣਾ ਏਂ ਹੁਣ, ਹੁਣ ਤਾਂ ਆਉਣਾ ਨਵਾਂ ਸਵੇਰਾ।
ਤੇਰੇ ਜ਼ੁਲਮਾਂ ਦਾ ਇਹ, ਮੁੱਕ ਜਾਣਾ ਏਂ ਸਾਰਾ ਘੇਰਾ।
ਇਹ ਜਾਮਾ ਫ਼ਾਨੀ ਏਂ, ਕਿਹੜੇ ਦਿੰਦੈਂ ਹੋਰ ਡਰਾਵੇ।
ਔਹ ਦੋ ਜਹਾਨ ਵਾਲੀ.......................।

ਲੱਖ ਹੋਰ ਤਸੀਹੇ ਦੇ, ਤੇਰੇ ਜ਼ੁਲਮਾਂ ਨੂੰ ਅਜ਼ਮਾਉਣਾ।
ਹੱਸ ਹੱਸ ਕੇ ਸਹਿ ਲਾਂਗੇ, ਨਾਂਹ ਸਿੱਖਿਆ ਏ ਸੀਸ ਨਿਵਾਉਣਾ।
ਤੇਰੀ ਈਨ ਨਹੀਂ ਮੰਨਣੀ, ਸਾਡੀ ਜਿੰਦ ਜਾਂਦੀ ਤੇ ਜਾਵੇ।
ਔਹ ਦੋ ਜਹਾਨ ਵਾਲੀ.......................।

ਉਨ੍ਹਾਂ ਜ਼ੁਲਮ ਸਹਾਰ ਲਿਆ, ਪਰ ਨਾਂਹ ਮੱਥੇ ਤਿਊੜੀ ਪਾਈ।
ਜਾਨ ਆਪਣੀ ਲਾਡਪੁਰੀ, ਆਪਣੇ ਦੇਸ਼ ਦੇ ਲੇਖੇ ਲਾਈ।
ਉਸਨੂੰ ਕੀ ਦਰਦ ਕਹੇ, ਜੋ ਲੋਕਾਂ ਦਾ ਦਰਦ ਵੰਡਾਵੇ।
ਔਹ ਦੋ ਜਹਾਨ ਵਾਲੀ.......................।

ਜਦੋਂ ਤਸੀਹਿਆਂ ਦਾ ਅੰਤ ਹੋ ਗਿਆ ਤਾਂ ਗੁਰੂ ਜੀ ਤੋਂ ਚੰਦੂ ਪਾਪੀ ਨੇ ਉਨ੍ਹਾਂ ਦੀ ਆਖ਼ਰੀ ਇੱਛਾ ਬਾਰੇ ਪੁੱਛਿਆ। ਕਿਉਂਕਿ ਗੁਰੂ ਜੀ ਦੇ ਲਈ ਉਸ ਦਾ ਫ਼ੁਰਮਾਨ ਸੀ ਕਿ ਪਹਿਲਾਂ ਤਸੀਹੇ ਦਿਉ ਫੇਰ ਉਨ੍ਹਾਂ ਨੂੰ ਗਊ ਦੀ ਤਾਜ਼ਾ ਚਮੜੀ ਦੇ ਅੰਦਰ ਸੀ ਦਿੱਤਾ ਜਾਵੇ ਤਾਂ ਜੋ ਇੰਝ ਤਸੀਹੇ ਸਹਿ ਕੇ ਉਨ੍ਹਾਂ ਦੀ ਮੌਤ ਹੋਵੇ ਸੋ ਜਦੋਂ ਗੁਰੂ ਜੀ ਤੋਂ ਆਖਰੀ ਇੱਛਾ ਪੁੱਛੀ ਗਈ ਤਾਂ ਗੁਰੂ ਜੀ ਨੇ ਰਾਵੀ ਦਰਿਆ ਵਿੱਚ ਇਸ਼ਨਾਨ ਕਰਨ ਦੀ ਇੱਛਾ ਪ੍ਰਗਟਾਈ। ਚੰਦੂ ਨੇ ਸੋਚਿਆ ਕਿ ਇਹ ਤਾਂ ਹੋਰ ਵੀ ਚੰਗੀ ਗੱਲ ਹੈ ਕਿਉਂਕਿ ਜਦੋਂ ਗੁਰੂ ਜੀ ਇਸ਼ਨਾਨ ਕਰਨਗੇ ਤਾਂ ਹੋਰ ਵੀ ਵਧੇਰੇ ਦੁੱਖ ਲੱਗੇਗਾ। ਨਾਲੇ ਉਸ ਨੇ ਕਿਹਾ ਕਿ ਇਨ੍ਹਾਂ ਨੂੰ ਪੈਦਲ ਤੋਰ ਕੇ ਰਾਵੀ ਦਰਿਆ ਤੱਕ ਲੈ ਜਾਇਆ ਜਾਵੇ। ਸੋ ਕੁਝ ਚੰਦੂ ਦੇ ਸਿਪਾਹੀ ਅਤੇ ਕਝ ਗੁਰੂ ਜੀ ਦੇ ਸ਼ਰਧਾਲੂ ਗੁਰੂ ਜੀ ਨੂੰ ਪੈਦਲ ਤੋਰ ਕੇ ਰਾਵੀ ਦਰਿਆ ਵਲ ਲੈ ਕੇ ਗਏ। ਪੈਦਲ ਤੁਰਨ ਦਾ ਦੁੱਖ ਵੀ ਗੁਰੂ ਜੀ ਨੇ ਸਹਾਰਿਆ। ਜਦ ਗੁਰੂ ਜੀ ਰਾਵੀ ਵਿੱਚ ਇਸ਼ਨਾਨ ਕਰਨ ਲਈ ਪਾਣੀ ਵਿੱਚ ਗਏ ਤਾਂ ਕੁਝ ਪਲਾਂ ਵਿੱਚ ਹੀ ਉਹ ਸਦਾ ਲਈ ਜੋਤੀ ਜੋਤ ਸਮਾ ਗਏ। ਇਸ ਸੰਬੰਧੀ ਕਵੀ ਇੰਝ ਆਪਣੇ ਸ਼ਬਦਾਂ ਰਾਹੀਂ ਬਿਆਨ ਕਰ ਰਿਹਾ ਹੈ :-

## ਸਤਿਗੁਰਾਂ ਦਾ ਰਾਵੀ-ਨਿਵਾਸ....

ਰਾਣੀ ਦਰਿਆ ਸ਼ੂਕੇ ਜੋਬਨ ਉਸਦਾ ਠਾਠਾਂ ਮਾਰੇ।
ਅਮਨਾਂ ਦੇ ਪੁੰਜ ਸਤਿਗੁਰ, ਇਸਦੇ ਭਾਗ ਕਿਵੇਂ ਨੇ ਤਾਰੇ।

...................................................................................



ਛੋਹ ਉਸਦੀ ਪਾਉਣ ਲਈ, ਲੋਕੀਂ ਕਾਬਲ ਤੋਂ ਚਲ ਆਉਂਦੇ।
ਉਸਦੇ ਦੀਦਾਰੇ ਕਰ, ਲੋਕੀਂ ਆਪਣੀ ਪਿਆਸ ਬੁਝਾਉਂਦੇ।
ਅੱਜ ਰਾਵੀ ਦਰਿਆ ਵੀ, ਉਨ੍ਹਾਂ ਦੇ ਪਾਉਣੇ ਸਨ ਝਲਕਾਰੇ।
ਅਮਨਾਂ ਦੇ ਪੁੰਜ ਸਤਿਗੁਰ.................।

ਉਹ ਦੋ ਜਹਾਨ ਵਾਲੀ, ਜੋ ਸੀ ਰਹਿਮਤ ਦਾ ਭੰਡਾਰੀ।
ਰਾਵੀ ਨੂੰ ਤਾਰਨ ਲਈ, ਉਸ ਰਾਵੀ ਵਿੱਚ ਚੌਂਕੜ ਮਾਰੀ।
ਉਹ ਮਰ੍ਹਮਾਂ ਲਾਉਂਦੇ ਸੀ, ਤਦ ਅੱਲੇ ਜ਼ਖ਼ਮਾਂ ਤੇ ਸਾਰੇ।
ਅਮਨਾਂ ਦੇ ਪੁੰਜ ਸਤਿਗੁਰ.................।

ਪਾਣੀ ਰਾਵੀ ਦਾ ਜੋ, ਇਹ ਪੰਜਾਬ ਦੀ ਮਾਂ ਦਾ ਜਾਇਆ।
ਇਸਤੋਂ ਵਾਰੇ ਜਾਈਏ, ਸਤਿਗੁਰ ਪਲਕਾਂ ਉਤੇ ਬਠਾਇਆ।
ਉਹ ਧਰਤੀ ਸਵੱਲੀ ਏ, ਉਸ ਧਰਤੀ ਤੋਂ ਸਭ ਬਲਹਾਰੇ।
ਅਮਨਾਂ ਦੇ ਪੁੰਜ ਸਤਿਗੁਰ.................।

ਰਾਵੀ ਦੇ ਪਾਣੀ ਅੱਜ, ਉਨ੍ਹਾਂ ਨੂੰ ਬੁੱਕਲ ਵਿੱਚ ਲਕੋਇਆ।
ਉਸ ਇੱਕ ਇੱਕ ਛਾਲੇ ਨੂੰ, ਬਣਾ ਹੰਝੂਆਂ ਦਾ ਹਾਰ ਪਰੋਇਆ।
ਅੱਜ ਸ਼ੂਕਦੀਆਂ ਛੱਲਾਂ, ਦਸਦੀਆਂ ਹੋਰਾਂ ਨੂੰ ਦੁੱਖ ਸਾਰੇ।
ਅਮਨਾਂ ਦੇ ਪੁੰਜ ਸਤਿਗੁਰ.................।

ਲਾਡਪੁਰੀ ਰਾਵੀ ਬਣ ਗਈ, ਅੱਜ ਭਾਰਤ ਦਾ ਇੱਕ ਸਰਮਾਇਆ।
ਜਿਸ ਸਤਿਗੁਰ ਦਾ ਆਸਣ, ਸਦਾ ਲਈ ਆਪਣੇ ਵਿੱਚ ਲਗਾਇਆ।
ਜਿਸ ਦੁੱਖ ਕਟਣੇ ਆਪਣੇ, ਕਰ ਲੌ ਰਾਵੀ ਦੇ ਦੀਦਾਰੇ।
ਅਮਨਾਂ ਦੇ ਪੁੰਜ ਸਤਿਗੁਰ.................।

# ਸਾਕਾ ਬਾਬਾ ਦੀਪ ਸਿੰਘ ਜੀ ਸ਼ਹੀਦ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਦੀ ਸਥਾਪਨਾ **30 ਮਾਰਚ 1699** ਈ: ਨੂੰ ਵਿਸਾਖੀ ਵਾਲੇ ਦਿਨ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੀ। ਖੰਡੇ ਬਾਟੇ ਦਾ ਪਾਹੁਲ ਦੇ ਕੇ ਪੰਜ ਪਿਆਰੇ ਬਣਾਏ। ਕਈ ਹਜ਼ਾਰ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਅਤੇ ਆਪ ਵੀ ਉਨ੍ਹਾਂ ਪਾਸੋਂ ਅੰਮ੍ਰਿਤ-ਪਾਨ ਕੀਤਾ। ਸਿੱਖਾਂ ਵਿੱਚ ਅਜਿਹੀ ਰੂਹ ਭਰੀ ਕਿ ਇਹ ਸਿਰਲੱਥ ਯੋਧੇ ਬਿਨਾ-ਬੁਲਾਇਆਂ ਮੌਤ ਨੂੰ ਲਾੜੀ ਸਮਝ ਕੇ ਗਲਵੱਕੜੀ ਪਾਉਣ ਲਈ ਸਦਾ ਤਤਪਰ ਰਹਿੰਦੇ। ਸਿੱਖਾਂ ਲਈ ਪੰਜ ਕਕਾਰ ਦਿੱਤੇ ਅਤੇ ਰਹਿਤ-ਮਰਯਾਦਾ ਨਾਲ ਆਪਣੀ ਰਹਿਣੀ ਬਹਿਣੀ ਨੂੰ ਉੱਚਾ ਚੁੱਕ ਕੇ ਉਨ੍ਹਾਂ ਨੇ ਸੰਸਾਰ ਵਿੱਚ ਇਨ੍ਹਾਂ ਨੂੰ ਵਿਚਰਣ ਲਈ ਜੀਵਨ-ਜਾਚ ਸਿਖਾਈ। ਅੱਗੋਂ ਸ੍ਰ: ਬੰਦਾ ਸਿੰਘ ਬਹਾਦਰ ਨੂੰ ਥਾਪਣਾਂ ਦੇ ਕੇ ਪੰਜਾਬ ਵਿੱਚੋਂ ਜ਼ੁਲਮਾਂ ਦਾ ਸਫਾਇਆ ਕਰਨ ਲਈ ਭੇਜਿਆ। ਜਿਸ ਨੇ ਪੰਜਾਬ ਵਿੱਚ ਦੂਰ - ਦੂਰ ਤੱਕ ਸਿੱਖ ਰਾਜ ਦਾ ਸਿੱਕਾ ਚਲਾਇਆ। ਪ੍ਰੰਤੂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਤਾਂ ਸਿੱਖਾਂ ਉੱਤੇ ਮੁਸੀਬਤਾਂ ਦੇ ਪਹਾੜ ਹੀ ਟੁੱਟ ਪਏ। ਮੀਰ ਮੰਨੂ ਨੇ ਪੰਜਾਬ ਵਿਚੋਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਉਣੇ ਸ਼ੁਰੂ ਕਰ ਦਿੱਤੇ। ਸਿੱਖਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ। ਉਨ੍ਹਾਂ ਦੇ ਘਰ ਘਾਟ ਲੁੱਟ ਲਏ ਗਏ। ਸਿੱਖ ਘਰ-ਘਾਟ ਛੱਡ ਕੇ ਜੰਗਲਾਂ ਤੇ ਪਹਾੜਾਂ ਵਿੱਚ ਜਾ ਲੁਕੇ। ਉਧਰ ਅਹਿਮਦ-ਸ਼ਾਹ-ਅਬਦਾਲੀ ਦੇ ਹਮਲੇ ਆਰੰਭ ਹੋ ਗਏ। ਅਹਿਮਦ-ਸ਼ਾਹ-ਅਬਦਾਲੀ ਭਾਰਤ ਵਿੱਚੋਂ ਜੋ ਲੁੱਟ ਕੇ ਵਾਪਸ ਆਪਣੇ ਦੇਸ਼ ਨੂੰ ਲਿਜਾ ਰਿਹਾ ਹੁੰਦਾ, ਉਸ ਨੂੰ ਰਾਹ ਵਿੱਚ ਸਿੱਖ ਲੁੱਟ ਲੈਂਦੇ। ਇਹ ਸਿਰ-ਲੱਥ ਕੌਮ ਕਿਸੇ ਤੋਂ ਡਰਦੀ ਨਹੀਂ ਸੀ। ਇਨ੍ਹਾਂ ਦਾ ਵਸੇਬਾ ਕੇਵਲ ਘੋੜਿਆਂ ਦੀ ਕਾਠੀ ਹੀ ਹੁੰਦਾ ਸੀ। ਅਹਿਮਦ-ਸ਼ਾਹ ਅਬਦਾਲੀ ਜਿਹੜੀਆਂ ਭਾਰਤ ਦੀਆਂ ਬਹੂ-ਬੇਟੀਆਂ ਨੂੰ ਬੰਨ੍ਹ ਕੇ ਨਾਲ ਲਿਜਾ ਰਿਹਾ ਹੁੰਦਾ ਸੀ ਉਨ੍ਹਾਂ ਨੂੰ ਸਿੰਘ ਸੂਰੇ ਉਸ ਦੇ ਚੁੰਗਲ ਵਿਚੋਂ ਛੁਡਾ ਕੇ ਵਾਪਸ ਉਨਾਂ ਦੇ ਘਰੀਂ ਪਹੁੰਚਾਉਂਦੇ। ਇੰਝ ਕਰਨ ਨਾਲ ਆਮ ਜਨਤਾ ਦੀ ਸਿੱਖਾਂ ਨਾਲ ਹਮਦਰਦੀ ਹੋਰ ਵੀ ਵਧੇਰੇ ਹੋ ਗਈ। ਉਧਰ ਜ਼ਾਲਮ ਹਕੂਮਤ ਨੇ ਸਿੱਖ ਤੀਵੀਆਂ ਨੂੰ ਕੈਦ ਕੀਤਾ। ਉਨ੍ਹਾਂ ਤੋਂ ਸਵਾ-ਸਵਾ ਮਣ ਦਾਣੇ ਚੱਕੀਆਂ ਤੇ ਹੱਥੀਂ ਪਿਸਾਏ। ਖੰਨੀ ਖੰਨੀ ਰੋਟੀ ਉੱਤੇ ਉਨ੍ਹਾਂ ਨੇ ਗੁਜ਼ਾਰਾ ਕੀਤਾ ਅਤੇ ਆਪਣੇ ਬੱਚਿਆਂ ਦੇ ਟੋਟੇ ਆਪਣੀਆਂ ਝੋਲੀਆਂ ਵਿੱਚ ਪੁਆਏ। ਕਈਆਂ ਬੱਚਿਆਂ ਨੂੰ ਨੇਜ਼ਿਆਂ ਉੱਤੇ ਉਨ੍ਹਾਂ ਦੀਆਂ ਅੱਖਾਂ ਸਾਮ੍ਹਣੇ ਟੰਗਿਆ ਗਿਆ। ਉਨ੍ਹਾਂ ਦੇ ਕਲੇਜੇ ਦੇ ਹਾਰ ਬਣਾ ਕੇ ਉਨ੍ਹਾਂ ਦੇ ਗਲਾਂ ਵਿੱਚ ਪੁਆਏ। ਇਹੋ ਤਾਂ ਸਿੱਖੀ ਹੈ। ਕਵੀ ਸਿੱਖੀ ਨੂੰ ਇੰਜ ਬਿਆਨ ਕਰਦਾ ਹੈ :-



## ਸਿੱਖੀ..........

ਸਿੱਖੀ ਨੂੰ ਤੋੜ ਨਿਭਾਉਣੇ ਲਈ, ਤਾਂ ਸਿਦਕ ਨਿਭਾਉਣਾ ਪੈਂਦਾ ਏ।
ਆਹ ਸ਼ਮਾਂਹ ਤੇ ਵਾਂਗ ਪਤੰਗਿਆਂ ਦੇ, ਆਪਾ ਤੜਪਾਉਣਾ ਪੈਂਦਾ ਏ।

..........................................................................................

ਬਾਣਾ ਵੀ ਪਾਉਣਾ ਸੌਖਾ ਏ, ਸਤਨਾਮ ਕਹਾਉਣਾ ਸੌਖਾ ਏ।
ਆਰੇ ਦੇ ਤੇਜ਼ ਆਹ ਦੰਦਿਆਂ ਤੇ, ਪਰ ਤਨ ਚਿਰਵਾਉਣਾ ਔਖਾ ਏ।
ਜੇ ਜ਼ੁਲਮ ਦੀ ਨ੍ਹੇਰੀ ਤੇਜ਼ ਚਲੇ, ਬੰਦ ਬੰਦ ਕਟਵਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ..........................।

ਭੋਰਾ ਭੋਰਾ ਇਹ ਰੋਟੀ ਖਾ, ਭੁੱਖਣ ਭਾਣੇ ਜੀਣਾ ਪੈਂਦਾ।
ਤੇ ਸਵਾ ਮਣ ਆਪਣੇ ਹੱਥੀਂ, ਚੱਕੀਆਂ ਤੇ ਹੈ ਪੀਹਣਾ ਪੈਂਦਾ।
ਇਨ੍ਹਾਂ ਬਾਲਾਂ ਦਾ ਟੋਟਾ ਟੋਟਾ, ਝੋਲੀ ਵਿੱਚ ਪਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ..........................।

ਚੜ੍ਹ ਉਪਰ ਚਰੱਖੜੀ ਵੈਰੀ ਦੀ ਵੀ ਤਨ ਪਿੜਵਾਇਆ ਜਾਂਦਾ ਏ।
ਨੇਜ਼ੇ ਤੇ ਚੜ੍ਹਕੇ ਵੈਰੀ ਦੇ ਸਤਨਾਮ ਬੁਲਾਇਆ ਜਾਂਦਾ ਏ।
ਸਿੱਖੀ ਦੀ ਸ਼ਾਨ ਬਚਾਉਣ ਲਈ, ਕੰਧੀਂ ਚਿਣਵਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ..........................।

ਇਹ ਬਿਨਾ ਸਿਰਾਂ ਤੋਂ ਧੜ ਲੜਦੇ, ਇਹਦਾ ਵਧਦਾ ਅੱਗੇ ਪੈਰ ਸਦਾ।
ਤੇ ਸਿਦਕ ਏਸ ਦਾ ਗਹਿਣਾ ਏ, ਜ਼ੁਲਮਾਂ ਦੇ ਨਾਲ ਏ ਵੈਰ ਸਦਾ।
ਚਲਦੇ ਜੰਗ ਦੇ ਵਿੱਚ ਵੈਰੀ ਦੇ ਵੀ, ਮਰ੍ਹੱਮ ਲਗਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ..........................।

ਉਬਲਣਾ ਦੇਗਾਂ ਵਿੱਚ ਪੈਂਦਾ, ਘਰ ਘਾਟ ਨਹੀਂ ਅਪਨਾਈਦੇ।
ਕਿਤੇ ਸਿਦਕ ਅਸਾਡਾ ਨਾਂਹ ਡੋਲੇ, ਜੈਕਾਰੇ ਗੱਜ ਗੱਜ ਲਾਈਦੇ।
ਰੰਬੀਆਂ ਦੇ ਨਾਲ ਤਾਂ ਲਾਡਪੁਰੀ ਖੋਪਰ ਵੀ ਲੁਹਾਉਣਾ ਪੈਂਦਾ ਏ।
ਸਿੱਖੀ ਨੂੰ ਤੋੜ ਨਿਭਾਉਣੇ ਲਈ..........................।

**1756 ਤੋਂ 1757** ਈ: ਵਿੱਚ ਅਬਦਾਲੀ ਦੇ ਚੌਥੇ ਹਮਲੇ ਵੇਲੇ ਜਿੱਥੇ ਦਿੱਲੀ ਵਿੱਚ ਖੁਲ੍ਹੀ ਲੁਟ ਮਾਰ ਹੋਈ ਓਥੇ ਉਹ ਪੰਜਾਬ ਵਿੱਚ ਸਿੱਖਾਂ ਦੀ ਵਧਦੀ ਸ਼ਕਤੀ ਨੂੰ ਕੁਚਲਣਾ ਚਾਹੁੰਦਾ ਸੀ। ਉਸ ਵੇਲੇ ਉਸ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਦਾ ਸੂਬੇਦਾਰ ਨਿਯੁਕਤ ਕੀਤਾ। ਕਿਉਂਜੋ ਸਿੱਖ ਛਾਪਾਮਾਰ ਚਾਲਾਂ ਨਾਲ ਅਬਦਾਲੀ ਦਾ ਲੁੱਟਿਆ ਹੋਇਆ।

ਮਾਲ ਲੁੱਟ ਲੈਂਦੇ ਸਨ ਅਤੇ ਜੋ ਲੜਕੀਆਂ ਨੂੰ ਉਹ ਗੁਲਾਮ ਬਣਾ ਕੇ ਲੈ ਜਾ ਰਿਹਾ ਹੁੰਦਾ ਸੀ। ਉਨ੍ਹਾਂ ਨੂੰ ਉਨ੍ਹਾਂ ਦੇ ਘਰੀਂ-ਘਰੀ ਪਹੁੰਚਾਉਂਦੇ ਸਨ। ਇਸ ਲਈ ਅਬਦਾਲੀ ਉਨ੍ਹਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਸਿੱਖ ਮੀਰ-ਮੰਨੂ ਦੀਆਂ ਕਾਰਵਾਈਆਂ ਤੋਂ ਪਹਿਲਾਂ ਹੀ ਘਰ-ਘਾਟ ਛੱਡ ਕੇ ਜੰਗਲਾਂ ਤੇ ਪਹਾੜਾਂ ਵਿੱਚ ਜਾ ਲੁਕੇ ਸਨ। ਅਬਦਾਲੀ ਦੇ ਆਦੇਸ਼ ਤੇ ਉਸ ਦੇ ਸਿਪਾਹੀਆਂ ਨੇ ਕਰਤਾਰਪੁਰ ਅਤੇ ਅੰਮ੍ਰਿਤਸਰ ਸਰੋਵਰ ਨੂੰ ਕੂੜੇ ਕਰਕਟ ਨਾਲ ਭਰਵਾ ਦਿੱਤਾ। ਅੰਮ੍ਰਿਤਸਰ ਵਿੱਚ ਮੱਸਾ-ਰੰਘੜ ਨੂੰ ਇਸ ਕਾਰਵਾਈ ਨੂੰ ਅੰਜਾਮ ਦੇਣ ਲਈ ਨਿਯੁਕਤ ਕੀਤਾ ਗਿਆ। ਉਹ ਸ਼ਰ੍ਹੇਆਮ ਸ੍ਰੀ ਦਰਬਾਰ ਸਾਹਿਬ ਵਿੱਚ ਸ਼ਰਾਬਾਂ ਪੀ ਰਿਹਾ ਸੀ, ਨਾਚੀਆਂ ਕੁੜੀਆਂ ਨੂੰ ਨਚਾ ਰਿਹਾ ਸੀ ਅਤੇ ਸਿੰਘਾਂ ਦੀ ਗ਼ੈਰਤ ਨੂੰ ਵੰਗਾਰ ਰਿਹਾ ਸੀ। ਸਿੰਘ ਭਲਾ ਇਸ ਬੇਇਜ਼ਤੀ ਨੂੰ ਕਿੰਵ ਬਰਦਾਸ਼ਤ ਕਰ ਸਕਦੇ ਸਨ।

ਪਾਹੂ-ਵਿੰਡ ਵਾਸੀ ਬਾਬਾ ਦੀਪ ਸਿੰਘ ਜੀ ਜਿਨ੍ਹਾਂ ਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਅੰਮ੍ਰਿਤਪਾਨ ਕੀਤਾਸੀ, ਉਹ ਉਸ ਸਮੇਂ ਦਮਦਮਾ ਸਾਹਿਬ ਵਿਖੇ ਜਥੇਦਾਰ ਸਨ। ਉਨ੍ਹਾਂ ਨੂੰ ਮੱਸਾ ਰੰਘੜ ਦੀਆਂ ਕਾਰਵਾਈਆਂ ਦਾ ਪਤਾ ਲੱਗਿਆ। ਆਪਣੇ ਸਿੰਘਾਂ ਸਮੇਤ ਉਹ ਮੱਸਾ ਰੰਘੜ ਦੀ ਸੋਧ ਕਰਨ ਲਈ ਅੰਮ੍ਰਿਤਸਰ ਸਾਹਿਬ ਦੇ ਨੇੜੇ ਦੇ ਜੰਗਲਾਂ ਵਿੱਚ ਆ ਗਏ। ਉਸ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨੇੜੇ ਸਭ ਜੰਗਲ ਹੀ ਜੰਗਲ ਸਨ। ਉਨ੍ਹਾਂ ਨੇ ਜੰਗਲਾਂ ਵਿਚੋਂ ਸਿੰਘਾਂ ਨੂੰ ਇਕੱਠਿਆ ਕੀਤਾ ਅਤੇ ਇਸ ਘੋਰ ਜ਼ੁਲਮ ਨੂੰ ਠਲ੍ਹ ਪਾਉਣ ਲਈ ਕਾਰਵਾਈ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ। ਸਮੂਹ ਸਿੰਘਾਂ ਦੇ ਇਕੱਠ ਨੂੰ ਵੰਗਾਰਿਆ ਕਿ ਕਿਹੜਾ ਸਿੱਖ ਹੈ ਜੋ ਮੱਸੇ ਰੰਘੜ ਦਾ ਸਿਰ ਵੱਢ ਕੇ ਇਨ੍ਹਾਂ ਸਿੰਘਾਂ ਸਾਮ੍ਹਣੇ ਲਿਆਏਗਾ। ਉਸ ਵੇਲੇ ਦੋ ਸਿੱਖ ਇਸ ਕਾਰਵਾਈ ਨੂੰ ਸਿਰੇ ਚੜ੍ਹਾਉਣ ਲਈ ਉੱਠੇ। ਇੱਕ ਦਾ ਨਾਂ ਸੀ ਸੁੱਖਾ ਸਿੰਘ ਅਤੇ ਦੂਜੇ ਦਾ ਨਾਂ ਸੀ ਮਹਿਤਾਬ ਸਿੰਘ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਸੌਂਹ ਚੁੱਕੀ ਕਿ ਮੱਸੇ ਰੰਘੜ ਦਾ ਸਿਰ ਉਹ ਹਰ ਹਾਲਤ ਵਿੱਚ ਵੱਢ ਕੇ ਉਨ੍ਹਾਂ ਦੀ ਭੇਟ ਚੜ੍ਹਾਉਣਗੇ। ਬਾਬਾ ਦੀਪ ਸਿੰਘ ਜੀ ਨੇ ਕਿਵੇਂ ਸਿੰਘਾਂ ਨੂੰ ਲਲਕਾਰਿਆ ਅਤੇ ਸਿੰਘਾਂ ਦਾ ਕਿੰਵ ਜਵਾਬ ਆਇਆ ਵੇਖੋ :

## ਮੱਸੇ ਦੇ ਸਿਰ ਵੱਢਣ ਦੀ ਤਿਆਰੀ..........

ਦੀਪ ਸਿੰਘ ਬਾਬੇ ਸੁਣਿਆ, ਮੱਸਾ ਪੀ ਪੀ ਲਲਕਾਰ ਰਿਹਾ।
ਤੇ ਹਰਿਮੰਦਰ ਉਹ ਆਪਣੇ ਨੂੰ, ਢਹਿ ਢੇਰੀ ਕਰ ਉਜਾੜ ਰਿਹਾ।
ਦਮਦਮਾ ਸਾਹਿਬ ਤੋਂ ਚਾਲੇ ਝੱਟ, ਹਰਿਮੰਦਰ ਵਲ ਨੂੰ ਪਾ ਦਿੱਤੇ।
ਤੇ ਨੇੜੇ ਦੇ ਜੰਗਲਾਂ ਦੇ ਵਿੱਚ ਸਨ ਡੇਰੇ ਉਨ੍ਹਾਂ ਲਗਾ ਦਿੱਤੇ।



ਸਿੰਘ ਕੱਠੇ ਕਰਕੇ ਸਾਰੇ ਉਹ, ਹੁਣ ਖੰਡਾ ਫੜ ਲਲਕਾਰ ਰਿਹਾ।
ਓ ਸਿੰਘੋ ਕਾਹਨੂੰ ਲੁਕਦੇ ਓ, ਵੈਰੀ ਔਹ ਭਵਕਾਂ ਮਾਰ ਰਿਹਾ।
ਸਾਡਾ ਜੀਉਣਾ ਕੋਈ ਜਿਊਣਾ ਨਹੀਂ, ਵੈਰੀ ਨੇ ਅਣਖ ਝੰਜੋੜੀ ਅੱਜ।
ਅੱਜ ਵੈਰੀ ਸਾਡੀ ਹਿੱਕ ਤੇ ਬਹਿ, ਗ਼ੈਰਤ ਨੂੰ ਏਂ ਵੰਗਾਰ ਰਿਹਾ।
ਉੱਠੋ ਅੱਜ ਦਿਨ ਉਹ ਆ ਪੁੱਜਾ, ਵੈਰੀ ਨੂੰ ਸਵਕ ਸਿਖਾ ਦਈਏ।
ਸਤਿਗੁਰ ਦੇ ਦਿੱਤੇ ਬਾਣੇ ਦਾ ਇਹ ਭਾਰ ਸਿਰਾਂ ਤੋਂ ਲਾਹ ਦਈਏ।
ਉਠੋ ਸਿੰਘੋ ਕਿਹੜਾ ਏ ਜੋ, ਹਰਮੰਦਰ ਹੁਣੇ ਹੀ ਧਾ ਸਕਦਾ।
ਨੇਜ਼ੇ ਦੀ ਨੋਕ ਤੇ ਟੰਗ ਕੇ ਜੋ, ਮੱਸੇ ਦਾ ਸਿਰ ਲਿਆ ਸਕਦਾ।
ਅੱਜ ਆਕੜ ਉਸ ਦੀ ਭੰਨ ਦਈਏ, ਉਸਦੀ ਮਸਤੀ ਅੱਜ ਲਾਹ ਦਈਏ।
ਜਿਨ੍ਹਾਂ ਇੱਜ਼ਤ ਸਾਡੀ ਰੋਲੀ ਏ, ਅੱਜ ਸੁੱਸਰੀ ਵਾਂਗ ਸੁਆ ਦਈਏ।
ਮਹਿਤਾਬ ਸਿੰਘ, ਸੁੱਖਾ ਸਿੰਘ ਕਹਿੰਦੇ, ਬਾਬਾ ਜੀ ਅਸੀਂ ਜਾਂਦੇ ਆਂ।
ਮੱਸੇ ਰੰਘੜ ਦਾ ਸਿਰ ਵੱਢ ਕੇ ਅੱਜ ਆਪ ਦੀ ਭੇਟ ਚੜ੍ਹਾਂਦੇ ਆਂ।
ਅਸਾਂ ਲੁਕ ਲੁਕ ਕੇ ਹੁਣ ਜੀਣਾਂ ਨਹੀਂ, ਵੈਰੀ ਨੂੰ ਭੜਥੂ ਪਾਉਣਾ ਏ।
ਅੱਜ ਦਿਨ ਉਹ ਆਇਆ, ਆਪਾਂ ਤਾਂ, ਬਾਟੇ ਦਾ ਮੁੱਲ ਚੁਕਾਉਣਾ ਏ।
ਸੌਂਹ ਖਾਈਏ ਲਾਡਪੁਰੀ ਆਪਾਂ ਅੱਜ ਮਿਹਣਾ ਤਾਂ ਇਹ ਲਾਹਵਾਂਗੇ।
ਮੱਸੇ ਰੰਘੜ ਦਾ ਅੱਜ ਹੀ ਤਾਂ, ਸਿਰ ਵੱਢ ਕੇ ਅਸੀਂ ਲਿਆਂਵਾਂਗੇ।

ਸ੍ਰ: ਸੁੱਖਾ ਸਿੰਘ ਅਤੇ ਸ੍ਰ: ਮਹਿਤਾਬ ਸਿੰਘ ਦੋਵੇਂ ਘੋੜਿਆਂ ਤੇ ਸਵਾਰ ਹੋ ਕੇ ਨੇਜ਼ੇ ਤੇ ਕਿਰਪਾਨਾਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਵੱਲ ਚੱਲ ਪਏ। ਇਨ੍ਹਾਂ ਨੇ ਆਪਣਾ ਰੂਪ ਲੰਬੜਦਾਰਾਂ ਵਾਲਾ ਧਾਰਨ ਕੀਤਾ ਹੋਇਆ ਸੀ। ਆਪਣੇ ਨਾਲ ਇਨ੍ਹਾਂ ਨੇ ਠੀਕਰੀਆਂ ਦੀਆਂ ਦੋ ਬੋਰੀਆਂ ਬੰਦ ਕਰਕੇ ਘੋੜਿਆਂ ਦੀਆਂ ਕਾਠੀਆਂ ਤੇ ਰੱਖ ਲਈਆਂ। ਸ੍ਰੀ ਦਰਬਾਰ ਸਾਹਿਬ ਦੇ ਬਾਹਰ ਅਤਿ ਦਾ ਪਹਿਰਾ ਸੀ। ਪਹਿਰੇਦਾਰਾਂ ਨੇ ਜਦੋਂ ਸਿੰਘਾਂ ਨੂੰ ਪੁੱਛਿਆ ਕਿ ਉਹ ਕੌਣ ਹਨ, ਤਾਂ ਉਨ੍ਹਾਂ ਨੇ ਕਿਹਾ ਕਿ ਉਹ ਲੰਬੜਦਾਰ ਹਨ ਅਤੇ ਹਜ਼ੂਰ ਲਈ ਮਾਲੀਆ ਲੈ ਕੇ ਜਾ ਰਹੇ ਸਨ। ਸੋ ਪਹਿਰੇਦਾਰਾਂ ਨੇ ਲੰਬੜਦਾਰ ਸਮਝ ਕੇ ਅੰਦਰ ਜਾਣ ਦੀ ਆਗਿਆ ਦੇ ਦਿੱਤੀ। ਸਗੋਂ ਪਹਿਰੇਦਾਰਾਂ ਨੇ ਕਿਹਾ ਕਿ ਕੁਝ ਰਕਮ ਉਨ੍ਹਾਂ ਲਈ ਬਚਾ ਕੇ ਲੈ ਆਉਣ। ਸਿੰਘਾਂ ਨੇ ਕਿਹਾ ਕਿ ਜ਼ਰੂਰ ਉਨ੍ਹਾਂ ਨੂੰ ਵੀ ਵਾਪਸ ਆਉਣ ਤੇ ਇਨਾਮ ਮਿਲੇਗਾ। ਸਿੰਘਾਂ ਨੇ ਆਪਣੇ ਘੋੜੇ ਰਖਵਾਲੀ ਲਈ ਪਹਿਰੇਦਾਰਾਂ ਦੇ ਸਪੁਰਦ ਕਰ ਦਿੱਤੇ ਅਤੇ ਆਪ ਮੋਢਿਆਂ ਤੇ ਬੋਰੀਆਂ ਚੁੱਕ ਕੇ ਅੰਦਰ ਚਲੇ ਗਏ। ਉਨ੍ਹਾਂ ਦਿਨਾਂ ਵਿੱਚ ਚਾਂਦੀ ਦੇ ਰੁਪਏ ਚਲਦੇ ਸਨ। ਜਿਨ੍ਹਾਂ ਦੀ ਆਵਾਜ਼ ਠੀਕ ਹੀ ਠੀਕਰੀਆਂ ਵਾਂਗ ਹੀ ਹੁੰਦੀ ਸੀ।

ਅੱਗੇ ਮੱਸਾ ਰੰਘੜ ਤੇ ਉਹਦੇ ਸਾਥੀ ਸ਼ਰਾਬ ਦੇ ਨਸ਼ੇ ਵਿੱਚ ਮਖ਼ਮੂਰ ਸਨ। ਓਧਰ ਕੁੜੀਆਂ ਨੱਚ ਰਹੀਆਂ ਸਨ। ਸ: ਸੁਖਾ ਸਿੰਘ ਤੇ ਸਰਦਾਰ ਮਹਿਤਾਬ ਸਿੰਘ ਨੇ ਆਪਣੀਆਂ-ਆਪਣੀਆਂ ਬੋਰੀਆਂ ਮੋਢਿਆਂ ਤੋਂ ਲਾਹ ਕੇ ਮੱਸੇ ਰੰਘੜ ਅੱਗੇ ਸੁੱਟੀਆਂ ਅਤੇ ਕਿਹਾ ਕਿ ਲੌ ਗਿਣ ਲੌ। ਮੱਸਾ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋਇਆ ਲੱਗਾ ਬੋਰੀ ਦਾ ਮੂੰਹ ਖੋਲ੍ਹਣ ਇਕ ਸਿੰਘ ਨੇ ਜ਼ੋਰ ਦੀ ਮੱਸੇ ਤੇ ਵਾਰ ਕਰ ਕੇ ਉਸ ਦਾ ਸਿਰ ਧੜ ਤੋਂ ਵੱਖਰਾ ਕੀਤਾ ਦੂਜੇ ਨੇ ਨੇਜ਼ੇ ਨਾਲ ਉਸ ਦਾ ਸਿਰ ਉੱਪਰ ਚੁੱਕ ਲਿਆ। ਸਾਰੇ ਖਾਮੋਸ਼ੀ ਅਤੇ ਡਰ ਸਹਿਮ ਪੈਦਾ ਹੋ ਗਿਆ। ਦੋਵੇਂ ਸਿੰਘ ਆਪਣੇ ਘੋੜਿਆਂ ਵੱਲ ਦੌੜੇ। ਪਹਿਰੇਦਾਰਾਂ ਨੂੰ ਕਿਹਾ ਕਿ ਇਨਾਮ ਤਾਂ ਨਹੀਂ ਚਾਹੀਦਾ ਉਨ੍ਹਾਂ ਹੱਥ ਜੋੜ ਦਿੱਤੇ। ਕਿਸੇ ਦੀ ਸੁੱਧ ਬੁੱਧ ਨ ਰਹੀ ਕਿ ਕੀ ਕੀਤਾ ਜਾਵੇ। ਦੋਵੇਂ ਸਿੰਘ ਘੋੜਿਆਂ ਤੇ ਸਵਾਰ ਹੋ ਕੇ ਚਲਦੇ ਬਣੇ। ਜਦ ਤਕ ਸਿਪਾਹੀ ਪਿੱਛਾ ਕਰਨ ਲੱਗੇ ਓਦੋਂ ਤੱਕ ਸਿੰਘ ਦੂਰ ਜਾ ਚੁੱਕੇ ਸਨ।

ਸਿੰਘਾਂ ਨੇ ਮੱਸੇ ਦਾ ਸਿਰ ਬਾਬਾ ਦੀਪ ਸਿੰਘ ਜੀ ਦੀ ਭੇਂਟ ਲਿਆ ਚੜ੍ਹਾਇਆ। ਸਾਰੇ ਸਿੰਘਾਂ ਵਿੱਚ ਜੋਸ਼ ਭਰ ਗਿਆ। ਬਾਬਾ ਜੀ ਨੇ ਲਕੀਰ ਖਿੱਚੀ ਧਰਤੀ ਤੇ ਕਿਹਾ ਆਉ ਕੌਣ ਸ੍ਰੀ ਹਰਿਮੰਦਰ ਸਾਹਿਬ ਨੂੰ ਜ਼ਾਲਮ ਤੋਂ ਆਜ਼ਾਦ ਕਰਵਾ ਸਕਦਾ ਹੈ? ਜੇਕਰ ਦੋ ਸਿੰਘ ਮੱਸੇ ਦਾ ਸਿਰ ਵੱਢ ਕੇ ਲਿਆ ਸਕਦੇ ਹਨ ਤਾਂ ਕੀ ਅਸੀਂ ਏਨੇ ਸਿੰਘ ਹਰਿਮੰਦਰ ਸਾਹਿਬ ਨੂੰ ਆਜ਼ਾਦ ਕਿਉਂ ਨਹੀਂ ਕਰਵਾ ਸਕਦੇ। ਬਾਬਾ ਜੀ ਨੇ ਸਿੰਘਾਂ ਨੂੰ ਇਉਂ ਲਲਕਾਰਿਆ :-

## ਬਾਬਾ ਦੀਪ ਸਿੰਘ ਦੀ ਪੁਕਾਰ............

ਓ ਸਿੰਘੋ ਪਾ ਦਿਉ ਚਾਲੇ ਆਹ ਆਪਣੀ ਅਣਖ ਦਸਣ ਲਈ,
ਇਹ ਗ਼ੈਰਤ ਆਪਣੇ ਪੰਜਾਬ ਦੀ ਸਾਨੂੰ ਬੁਲਾਉਂਦੀ ਏ।
ਉੱਠੋ ਪਈ ਸੂਰਿਓ ਅੱਜ ਧਰਮ ਤੋਂ ਇਹ ਸਿਰ ਕਟਾਉਣੇ ਲਈ,
ਸ਼ਮਾਂਹ ਪ੍ਵਾਨਿਆਂ ਸਾਹਵੇਂ ਔਹ ਅੱਜ ਤਾਂ ਜਗ ਮਗਾਉਂਦੀ ਏ।
ਬਦੇਸ਼ੀ ਆ ਗਿਆ ਇਸ ਧਰਤੀ ਤੇ ਜ਼ੁਲਮਾਂ ਦੀ ਖੰਜਰ ਲੈ,
ਕਿ ਖੰਜਰ ਓਸਦੀ ਆਪਾਂ ਇਹ ਖੁੰਢੀ ਹੀ ਬਣਾ ਦਈਏ।
ਉਹਦੀ ਹਸਤੀ ਮਿਟਾ ਦਈਏ ਕਿ ਐਸੀ ਤੇ਼ਗ ਵਾਹ ਦਈਏ,
ਕਿ ਧਰਤੀ ਤੇ ਉਹਦੀ ਲਾਸ਼ਾਂ ਦੇ ਸੱਥਰ ਹੀ ਵਿਛਾ ਦਈਏ।
ਅਸੀਂ ਗ਼ੈਰਤ ਨਾ', ਜੀਣਾਂ ਹੈ, ਤੇ ਗ਼ੈਰਤ ਨਾ' ਮਰਨਾ ਹੈ,
ਸਤਿਗੁਰ ਆਪਣੇ ਸਾਨੂੰ ਤਾਂ ਲੁਕਣਾ ਹੀ ਸਿਖਾਇਆ ਨਹੀਂ।
ਜ਼ੁਲਮ ਲਈ ਮਰ ਮਿਟੋ ਭਾਵੇਂ, ਨਾਂਹ ਝੁਕਣਾ ਜ਼ੁਲਮ ਦੇ ਸਾਹਵੇਂ,



ਇਹ ਸਿੱਖੀ ਦਾ ਤਾਂ ਬਾਣਾ ਜਿਊਣ ਲਈ ਸਾਡੇ ਪਵਾਇਆ ਨਹੀਂ।
ਹਰਿਮੰਦਰ ਦੀ ਧਰਤੀ ਮਾਰ ਕੇ ਵਾਜਾਂ ਬੁਲਾਉਂਦੀ ਅੱਜ,
ਜਿਸ ਦੀ ਹੋਂਦ ਅੱਜ ਗ਼ੈਰਾਂ ਨੇ ਵੇਖੋ ਹੈ ਗੁਆ ਦਿੱਤੀ।
ਉਹਦੀ ਹਸਤੀ ਮਿਟਾ ਦਿੱਤੀ ਤੇ ਉਸ ਦੀ ਸ਼ਾਨ ਲਾਹ ਦਿੱਤੀ,
ਤੇ ਸਾਡੇ ਉਸ ਸਰੋਵਰ ਵਿੱਚ ਹੈ ਮਿੱਟੀ ਪੁਆ ਦਿੱਤੀ।
ਉਹ ਕਿਹੜਾ ਕਾਰ ਟੱਪੇ ਜੋ, ਕਿ ਜਿਸ ਨੇ ਜੂਝਣਾਂ ਸਾਹਵੇਂ,
ਜਿਸ ਨੇ ਸੀਸ ਆਪਣਾ ਭੇਟ ਹਰਿਮੰਦਰ ਚੜ੍ਹਾਉਣਾ ਹੈ।
ਜਿਸ ਨੇ ਸ਼ਮਾਂਹ ਤੇ ਪਰਵਾਨਿਆਂ ਦੇ ਵਾਂਗ ਜਲਣਾਂ ਹੈ,
ਜਿਸ ਨੇ ਗ਼ੈਰ ਤੋਂ ਆਪਣਾ ਇਹ ਹਰਿਮੰਦਰ ਬਚਾਉਣਾ ਹੈ।
ਮੈਂ ਤਾਂ ਮਨ ਬਣਾਇਆ ਆਪਣਾ ਕਿ ਸੀਸ ਮੈਂ ਆਪਣਾ,
ਇਹਦੀ ਮੈਂ ਆਨ ਤੇ ਇਹ ਸ਼ਾਨ ਦੀ ਰਾਖੀ ਲਈ ਲਾਵਾਂਗਾ।
ਕਦੇ ਭੱਜਾਂਗਾ ਨਾਂਹ ਮੈਂ ਲਾਡਪੁਰੀ, ਉਸ ਮੌਤ ਤੋਂ ਡਰ ਕੇ,
ਭੇਟਾ ਆਪਣਾ ਮੈਂ ਸੀਸ ਹਰ ਮੰਦਰ ਚੜ੍ਹਾਵਾਂਗਾ।

ਵੱਡੀ ਗਿਣਤੀ ਵਿੱਚ ਸਿੰਘ ਸ੍ਰੀ ਹਰਿਮੰਦਰ ਸਾਹਿਬ ਨੂੰ ਆਜ਼ਾਦ ਕਰਾਉਣ ਲਈ ਅੱਗੇ ਵਧੇ। ਜ਼ਾਲਮ ਹਕੂਮਤ ਦੇ ਵਿਰੁੱਧ ਉਨ੍ਹਾਂ ਸਭ ਵਿੱਚ ਬੇਅੰਤ ਗੁੱਸਾ ਸੀ। ਇਕ ਚਾਅ ਸੀ ਆਪਣੇ ਹਰਿਮੰਦਰ ਸਾਹਿਬ ਨੂੰ ਦੁਸ਼ਮਣ ਦੇ ਪੰਜੇ ਚੋਂ ਛੁਡਾਉਣ ਦਾ। ਬਾਬਾ ਦੀਪ ਸਿੰਘ ਜੀ ਨੇ ਸਮੂਹ ਸਿੱਖਾਂ ਦੇ ਸਾਮ੍ਹਣੇ ਪ੍ਣ ਕੀਤਾ ਕਿ ਉਹ ਆਪਣਾ ਸਿਰ ਹਰਿਮੰਦਰ ਸਾਹਿਬ ਦੀ ਭੇਂਟ ਚੜ੍ਹਾਉਣਗੇ।

ਸੋ ਘਮਸਾਣ ਦਾ ਯੁੱਧ ਹੋਇਆ। ਲੱਗੇ ਤੀਰ, ਕਿਰਪਾਨਾ ਤੇ ਨੇਜ਼ੇ ਖੜਕਣ। ਓਧਰ ਬਾਬਾ ਜੀ ਪੂਰੇ ਜਲਾਲ ਨਾਲ ਲੜ ਰਹੇ ਸਨ ਅਤੇ ਏਧਰ ਸਿੰਘ ਪੂਰੀ ਬਹਾਦਰੀ ਨਾਲ ਅੱਗੇ ਵੱਧ ਰਹੇ ਸਨ। ਥੋੜ੍ਹੇ ਸਮੇਂ ਵਿੱਚ ਹੀ ਦੁਸ਼ਮਣ ਨੂੰ ਭਾਜੜ ਪੈਣੀ ਸ਼ੁਰੂ ਹੋ ਗਈ। ਓਧਰ ਬਾਬਾ ਜੀ ਦਾ ਸਿਰ ਸਾਂਝਾ ਵਾਰ ਚਲਣ ਕਰਕੇ ਲੱਥ ਗਿਆ। ਉਸ ਨੇ ਇਕ ਦਮ ਆਪਣਾ ਸੀਸ ਖੱਬੇ ਹੱਥ ਉਤੇ ਟਿਕਾ ਕੇ ਸੱਜੇ ਨਾਲ ਖੰਡਾ ਵਾਹੁਣਾ ਆਰੰਭ ਕਰ ਦਿੱਤਾ। ਦੁਸ਼ਮਣ ਨੇ ਜਦ ਧੜ ਲੜਦਾ ਹੋਇਆ ਵੇਖਿਆ ਤਾਂ ਉਸ ਨੂੰ ਭਾਜੜਾਂ ਪੈ ਗਈਆਂ। ਇਸ ਦਾ ਬਿਰਤਾਂਤ ਕਵੀ ਇਵੇਂ ਕਰਦਾ ਹੈ :-

## ਬਾਬਾ ਦੀਪ ਸਿੰਘ ਦੀ ਸ਼ਹੀਦੀ............

ਬਾਬਾ ਦੀਪ ਸਿੰਘ ਨੇ ਜਿਉਂ ਹੀ, ਮਾਰੇ ਸਨ ਲਲਕਾਰੇ।
ਸਿੰਘ ਸੂਰੇ ਕਿਵੇਂ ਗੱਜ ਪਏ,ਵੇਖੋ ਵਿੱਚ ਸੀ ਮੈਦਾਨ ਜਾ ਕੇ ਸਾਰੇ।

ਦੋ ਸਿੰਘ ਜੇਕਰ ਹਰਮੰਦਰ ਚੋਂ ਮੱਸਾ ਵੱਢ ਲਿਆਏ।
ਕਿਉਂ ਨ ਇੱਕ ਇੱਕ ਸਿੰਘ ਫੇਰ ਸੌ ਸੌ ਨੂੰ ਭੜਥੂ ਪਾਏ।
ਕਹਿੰਦੇ ਵੈਰੀ ਨੂੰ ਅੱਜ ਦੱਸਣੇ, ਆਪਾਂ ਹੱਥ ਕਰਾਰੇ।
ਸਿੰਘ ਸੂਰੇ ਕਿਵੇਂ ਗੱਜ ਪਏ...........।

ਦੁਸ਼ਮਣ ਤੇ ਸਭ ਇੰਵ ਟੁੱਟੇ ਸਿੰਘ, ਘੱਤ ਕੇ ਸਭ ਵਹੀਰਾਂ।
ਦੁਸ਼ਮਣ ਦੀਆਂ ਢਾਣੀਆਂ ਤਾਈਂ, ਕਰ ਤਾ ਲੀਰਾਂ ਲੀਰਾਂ।
ਸਿੰਘ ਕਹਿੰਦੇ ਇਹ ਜ਼ਾਲਮ ਆ ਗਏ ਕਿਧਰੋਂ ਇਸ ਦਰਬਾਰੇ।
ਸਿੰਘ ਸੂਰੇ ਕਿਵੇਂ ਗੱਜ ਪਏ...........।

ਤੇਗਾਂ, ਨੇਜ਼ੇ ਖੜਕਣ, ਤੀਰ ਕੁਮਾਨਾਂ ਰੰਗ ਵਿਖਾਏ।
ਅੱਜ ਤਾਂ ਵੈਰੀ ਦੇ ਸਿੰਘਾਂ ਨੇ ਤੁੰਬੇ ਖੂਬ ਉਡਾਏ।
ਕੁਝ ਡਿਗਦੇ, ਕੁਝ ਤੜਫਣ ਕੁਝ ਫਿਰਦੇ ਸਨ ਮਾਰੇ ਮਾਰੇ।
ਸਿੰਘ ਸੂਰੇ ਕਿਵੇਂ ਗੱਜ ਪਏ...........।

ਸੀਸ ਬਾਬੇ ਦਾ ਸਾਂਝੇ ਵਾਰੀਂ ਲੱਥਿਆ, ਐਸਾ ਲੜਿਆ।
ਇਕ ਹੱਥ ਉਸ ਨੇ ਸਿਰ ਚੁੱਕ ਲੀਤਾ ਦੂਜੇ ਖੰਡਾ ਫੜਿਆ।
ਵੈਰੀ ਦੌੜਿਆ ਦੁੰਮ ਬਚਾਅ, ਧੜ ਲੜਦੇ ਆਪ ਮੁਹਾਰੇ।
ਸਿੰਘ ਸੂਰੇ ਕਿਵੇਂ ਗੱਜ ਪਏ...........।

ਤਦ ਬਾਬੇ ਸੀ ਸੀਸ ਤਾਂ ਇਹ ਪਰਕਰਮਾਂ ਵਿੱਚ ਪੁਚਾਇਆ।
ਸੀਸ ਕੱਟੇ ਦੇ ਵਿਚੋਂ ਵੀ, ਉਚੀ ਜੈਕਾਰਾ ਲਾਇਆ।
ਧੰਨ ਉਨ੍ਹਾਂ ਦੀ ਕੁਰਬਾਨੀ, ਤੇ ਲਾਡਪੁਰੀ ਧੰਨ ਕਾਰੇ।
ਸਿੰਘ ਸੂਰੇ ਕਿਵੇਂ ਗੱਜ ਪਏ...........।

ਸੋ ਬਾਬਾ ਜੀ ਨੇ ਲੜਦੇ ਹੋਏ ਆਪਣਾ ਸੀਸ ਹਰਿਮੰਦਰ ਸਾਹਿਬ ਦੀਆਂ ਪਰਕਰਮਾ ਵਿੱਚ ਵਗਾਹ ਮਾਰਿਆ। ਅੱਜ ਵੀ ਉਨ੍ਹਾਂ ਦੀ ਪ੍ਰਕਰਮਾ ਵਿੱਚ ਯਾਦਗਾਰ ਇਸ ਗੱਲ ਦੀ ਗਵਾਹ ਹੈ। ਦੁਸ਼ਮਣ ਹੁਣ ਭੱਜ ਚੁੱਕਾ ਸੀ। ਸਿੰਘਾਂ ਨੇ ਦੋਬਾਰਾ ਸ੍ਰੀ ਦਰਬਾਰਾ ਸਾਹਿਬ ਅਤੇ ਸਰੋਵਰ ਨੂੰ ਸਾਫ਼ ਕਰਾਇਆ। ਇਹ ਘਟਨਾ 17 ਨਵੰਬਰ, 1757 ਈ. ਦੀ ਹੈ। ਇਸ ਮਹਾਨ ਯੋਧੇ ਦੀ ਲਾਸਾਨੀ ਕੁਰਬਾਨੀ ਨੂੰ ਕਿਉਂ ਨਾਂਹ ਆਉਂਦੀਆਂ ਨਸਲਾਂ ਵੀ ਯਾਦ ਰੱਖਣਗੀਆਂ। ਸਿੱਖੀ ਲਈ ਸਿਦਕ ਤੋਂ ਕੰਮ ਲੈਣਾ ਪੈਂਦਾ ਹੈ। ਸਿਦਕ ਬਾਰੇ ਕਵੀ ਇੰਜ ਕਹਿੰਦਾ ਹੈ :

## ਸਿਦਕ...............

ਕਿਸੇ ਪੁੱਛਿਆ ਜਾ ਕੇ ਸਿਦਕ ਕੋਲੋਂ, ਕੀ ਗੁਰ ਤੇਰੇ ਕੋਲ ਭਾਰਾ ਏ?
ਕਿ ਜ਼ੁਲਮ ਤੋਂ ਤੂੰ ਤਾਂ ਡੋਲੇਂ ਨਾਂਹ, ਭਾਵੇਂ ਕਿੰਨਾ ਹਤਿਆਰਾ ਏ।



ਨਾਂਹ ਤੱਤਾ ਪਾਣੀ ਹੀ ਪੋਂਹਦਾ, ਬੰਦ ਬੰਦ ਕਟਵਾਉਣੋਂ ਡਰਦਾ ਨਾਂਹ,
ਨਾਂਹ ਅੱਗ ਦਾ ਤੈਨੂੰ ਸੇਕ ਲੱਗੇ ਨਾਂਹ ਪੋਂਹਦਾ ਤੈਨੂੰ ਆਰਾ ਏ।
ਆਹ ਸਿਦਕ ਬੋਲਿਆ ਅੱਗੋਂ ਕਿ, ਸਤਿਗੁਰ ਦੀ ਸਾਰੀ ਮਾਇਆ ਏ।
ਸਤਿਗੁਰ ਨੇ ਪਹਿਲਾਂ ਸਿਦਕ ਸਹਿਆ, ਫਿਰ ਜੱਗ ਨੂੰ ਉਸ ਵਰਤਾਇਆ ਏ।
ਜੇ ਸਤਿਗੁਰ ਪਰਖ ਕਰਾਉਂਦੇ ਨਾਂਹ, ਸਾਨੂੰ ਕਿਸਨੇ ਅਜ਼ਮਾਉਣਾ ਸੀ।
ਖੋਪਰ ਲੱਥਦੇ ਨਾਂਹ ਰੰਬੀਆਂ ਨਾਲ, ਚਰੱਖੜੀ ਤੇ ਕਿਸ ਚੜ੍ਹਾਉਣਾ ਸੀ।
ਲੈ ਕੇ ਟੋਟੇ ਪੁੱਤਰਾਂ ਦੇ ਕੋਈ ਆਪਣੀ ਝੋਲੀ ਵਿੱਚ ਪਾਉਂਦਾ ਨਾਂਹ,
ਪੁੱਠੀ ਕਿਸ ਖੱਲ ਲਹਾਉਣੀ ਸੀ, ਨੀਹਾਂ ਵਿੱਚ ਕਿਸ ਚਿਣਵਾਉਂਣਾ ਸੀ।
ਨਾਂਹ ਕੌਤਕ ਆਪਣਾ ਦਿਖਲਾਉਣਾ, ਸਤਗਿੁਰ ਨੇ ਰੀਤ ਚਲਾਈ ਸੀ।
ਭਾਣਾ ਮੰਨਣ ਦੀ ਨੀਤੀ ਵੀ, ਸਤਿਗੁਰ ਨੇ ਹੀ ਸਮਝਾਈ ਸੀ।
ਪੰਜਵੇਂ ਗੁਰ ਨੇ ਸੀ ਮੁੱਢ ਬੰਨ੍ਹਿਆ, ਨਾਵੇਂ ਗੁਰ ਤੋੜ ਚੜ੍ਹਾ ਦਿੱਤਾ।
ਉਨ੍ਹਾਂ ਭੇਤ ਉੱਕਾ ਹੀ ਦਿੱਤਾ ਨਾਂਹ, ਭਾਵੇਂ ਆਹ ਸੀਸ ਕਟਾ ਦਿੱਤਾ।
ਮੇਰੀ ਮਰਜ਼ੀ ਤੇ ਜੇ ਚਲਣਾ, ਤਾਂ ਸਿਰੜੀ ਹੈ ਬਣਨਾ ਪੈਣਾ।
ਮਨ ਨੂੰ ਤਕੜਾ ਕਰ ਲਾਡਪੁਰੀ ਦੁੱਖ ਖਿੜੇ ਮੱਥੇ ਜਰਨਾ ਪੈਣਾਂ।

ਆਓ ਸਿੰਘੋ ਸਾਰੇ ਮਿਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਹੋਏ ਖਾਲਸੇ ਦੇ ਨਿਯਮਾਂ ਤੇ ਚੱਲ ਕੇ ਅੰਮ੍ਰਿਤ ਦਾ ਪਾਹੁਲ ਛੱਕ ਕੇ ਗੁਰੂ ਵਾਲੇ ਬਣੀਏ। ਅਜੇ 300 ਸਾਲ ਹੀ ਹੋਏ ਹਨ। ਅਸੀਂ ਉਨ੍ਹਾਂ ਤੋਂ ਕੋਹਾਂ ਦੂਰ ਹੋ ਗਏ ਹਾਂ। ਅਸੀਂ ਆਪਣੀ ਜ਼ਮੀਰ ਨੂੰ ਖ਼ਤਮ ਕਰਕੇ ਨਸ਼ਿਆਂ ਪਿੱਛੇ ਲਗ ਕੇ, ਦਾੜ੍ਹੀ ਕੇਸ ਕਟਾ ਕੇ ਕਿਸ ਪਾਸੇ ਚੱਲ ਪਏ ਹਾਂ। ਸਿੱਖੀ ਦਾ ਬੂਟਾ ਦਿਨੋ ਦਿਨ ਢਹਿੰਦੀਆਂ ਕਲਾ ਵਿੱਚ ਜਾ ਰਿਹਾ ਹੈ। ਸਿੱਖ ਤਾਂ ਸਦਾ ਆਪਣੇ ਆਪ ਨੂੰ ਚੜ੍ਹਦੀ ਕਲਾ ਵਿੱਚ ਹੀ ਵੇਖਣਾ ਚਾਹੁੰਦਾ ਹੈ। ਇਸ ਲਈ ਸਾਰੇ ਅੰਮ੍ਰਿਤ ਛਕੋ ਅਤੇ ਸਿੰਘ ਸਜੋ ਅਤੇ ਦੂਜਿਆਂ ਨੂੰ ਵੀ ਅੰਮ੍ਰਿਤ ਪਾਨ ਕਰਨ ਲਈ ਪ੍ਰੇਰਨਾ ਦਿਓ। ਇਹ ਅੰਮ੍ਰਿਤ ਕੀ ਹੈ? ਕਵੀ ਇਸ ਬਾਰੇ ਇੰਝ ਕਹਿੰਦਾ ਹੈ :

## ਅੰਮ੍ਰਿਤ.......

ਕੀ ਅੰਮ੍ਰਿਤ ਹੁੰਦਾ ਏ ਤੇ ਦੱਸ ਕੀ ਇਸ ਦੀ ਵਡਿਆਈ?
ਉਹ ਕਿਹੜੀ ਸ਼ਕਤੀ ਜੋ ਸਤਿਗੁਰ, ਇਸੇ ਦੇ ਵਿੱਚ ਲੁਕਾਈ?

........................................................................................................

ਪੰਜ ਬਾਣੀਆਂ ਇਕੋ ਨਜ਼ਰੇ ਕਰ ਅੰਮ੍ਰਿਤ ਬਣਵਾਇਆ।
ਇਕ ਖੰਡੇ ਬਾਟੇ ਦੇ ਵਿਚ ਫਿਰ ਸਭ ਨੂੰ ਉਨ੍ਹਾਂ ਛਕਾਇਆ।

ਇਕ ਉਂਕਾਰ ਨੂੰ ਜਪਕੇ ਫਿਰ ਵਾਹਿਗੁਰੂ ਦੀ ਫਤਹਿ ਬੁਲਾਈ।
ਇਹ ਅੰਮ੍ਰਿਤ ਹੁੰਦਾ ਏ ਸਿੰਘੋ, ਇਹ ਇਸ ਦੀ ਵਡਿਆਈ।
ਸਤਿਗੁਰ ਏਸੇ ਸ਼ਕਤੀ ਨਾਲ, ਚਿੜੀਆਂ ਤੋਂ ਬਾਜ ਤੁੜਾਏ।
ਇਕ ਇਕ ਸਿੰਘ ਸੀ ਸਵਾ ਸਵਾ ਲੱਖ, ਵੈਰੀ ਨਾਲ ਲੜਾਏ।
ਅੱਜ ਵੀ ਇਹ ਚਮਕੌਰ ਸਾਹਿਬ ਦੀ ਧਰਤੀ ਦਏ ਦੁਹਾਈ।
ਇਹ ਅੰਮ੍ਰਿਤ ਹੁੰਦਾ ਏ ਸਿੰਘੋ..........................।
ਸਤਿਗੁਰ ਪੂਰੀ ਭਗਤੀ ਸ਼ਕਤੀ ਦਾ, ਰੰਗ ਇਸ ਵਿੱਚ ਭਰਿਆ।
ਤਾਂਹੀਉਂ ਵੈਰੀ ਇਸ ਸ਼ਕਤੀ ਦੇ ਸਾਹਵੇਂ ਨਾਂਹ ਕੋਈ ਅੜਿਆ।
ਬਿਨਾਂ ਸਿਰਾਂ ਤੋਂ ਧੜ ਲੜਦੇ, ਸ਼ਕਤੀ ਇਹ ਦੂਣ ਸਵਾਈ।
ਇਹ ਅੰਮ੍ਰਿਤ ਹੁੰਦਾ ਏ ਸਿੰਘੋ..........................।
ਗੁਰਾਂ ਕਿਹਾ ਸੀ ਪੰਜ ਪਿਆਰਾ, ਜੋ ਵੀ ਹੁਕਮ ਸੁਣਾਊ।
ਹੁਕਮ ਉਹੀ ਸਤਿਗੁਰ ਨੂੰ ਵੀ, ਪੂਰਾ ਕਰਨਾ ਪੈ ਜਾਊ।
ਅੰਮ੍ਰਿਤ ਵੰਡਿਆ ਗੁਰਾਂ ਤੇ ਫਿਰ, ਪੰਜਾਂ ਤੋਂ ਦਾਤ ਇਹ ਪਾਈ।
ਇਹ ਅੰਮ੍ਰਿਤ ਹੁੰਦਾ ਏ ਸਿੰਘੋ..........................।
ਅੰਮ੍ਰਿਤ ਮੰਗਦਾ ਪਹਿਲਾਂ ਸਿਰ, ਫਿਰ ਮੂੰਹ ਦੇ ਤਾਂਈ ਛੁਹਾਉਂਦਾ।
ਇਕ ਕਾਇਰ ਬੰਦੇ ਵਿੱਚ, ਇਹ ਤਾਂ ਸ਼ਕਤੀ ਨਵੀਂ ਭਰਾਉਂਦਾ।
ਇਹ ਤਾਂ ਇਕ ਅਲੌਕਿਕ ਸ਼ਕਤੀ, ਸ਼ਕਤੀ ਇਕ ਇਲਾਹੀ।
ਇਹ ਅੰਮ੍ਰਿਤ ਹੁੰਦਾ ਏ ਸਿੰਘੋ..........................।
ਆਉ ਸਾਰੇ ਅੰਮ੍ਰਿਤ ਛਕ ਕੇ, ਗੁਰੂ ਵਾਲੇ ਬਣ ਜਾਈਏ।
ਸੱਜ ਕੇ ਸਿੰਘ ਤੇ ਹੋਕਾ, ਗੁਰਤਾ-ਗੱਦੀ ਦਾ ਇਹ ਲਾਈਏ।
ਲਾਡਪੁਰੀ ਕਿਤੇ ਦਾਤ ਲੈਣ ਤੋਂ, ਰਹਿ ਜਾਈਏ ਨਾਂਹ ਭਾਈ।
ਇਹ ਅੰਮ੍ਰਿਤ ਹੁੰਦਾ ਏ ਸਿੰਘੋ..........................।



# ਸਾਕਾ ਸਰਹੰਦ

1704 ਈ: ਵਿੱਚ ਜਿਉਂ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਖਾਲੀ ਕੀਤਾ ਤਾਂ ਸ਼ਾਹੀ ਫੌਜਾਂ ਨੇ ਉਨ੍ਹਾਂ ਦੇ ਉੱਤੇ ਬਹੁਤ ਜ਼ੋਰਦਾਰ ਹਮਲਾ ਕਰ ਦਿੱਤਾ। ਸ੍ਰ: ਉਦੈ ਸਿੰਘ ਨੇ ਆਪਣੇ 50 ਕੁ ਸਿੱਖਾਂ ਨਾਲ ਇਸ ਵਿਸ਼ਾਲ ਫੌਜ ਨੂੰ ਸ਼ਾਹੀ ਟਿੱਬੀ ਤੇ ਰੋਕਣ ਦਾ ਯਤਨ ਕੀਤਾ। ਪ੍ਰੰਤੂ ਏਨੀ ਵੱਡੀ ਵਿਸ਼ਾਲ ਸੈਨਾ ਨੂੰ ਕੁਝ ਕੁ ਸਿੰਘਾਂ ਨਾਲ ਰੋਕਣਾ ਕੋਈ ਆਸਾਨ ਕੰਮ ਨਹੀਂ ਸੀ। ਉਹ ਸਾਰੇ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ।

ਇਸ ਤੋਂ ਪਿਛੋਂ ਸ਼ਾਹੀ ਫੌਜਾਂ ਦਾ ਅਤੇ ਸਿੱਖਾਂ ਦਾ ਸਰਸਾ ਨਦੀ ਦੇ ਲਾਗੇ ਘਨਘੋਰ ਯੁੱਧ ਹੋਇਆ। ਸ਼ਾਹੀ ਫੌਜਾਂ ਵਧੇਰੇ ਹੋਣ ਕਾਰਨ ਸਿੱਖਾਂ ਵਿੱਚ ਭਾਜੜ ਪੈ ਗਈ। ਸੋ ਸਿੱਖਾਂ ਨੇ ਸਰਸਾ ਨਦੀ ਨੂੰ ਪਾਰ ਕਰਨ ਦਾ ਮਨ ਬਣਾ ਲਿਆ। ਸਰਸਾ ਨਦੀ ਵਿੱਚ ਉਸ ਸਮੇਂ ਹੜ੍ਹ ਆਇਆ ਹੋਇਆ ਸੀ। ਓਧਰ ਕਹਿਰਾਂ ਦੀ ਸਰਦੀ। ਸਿੱਖਾਂ ਨੇ ਆਪਣੇ ਘੋੜਿਆਂ ਸਮੇਤ ਸਰਸਾ ਨਦੀ ਨੂੰ ਪਾਰ ਕਰਨਾ ਸ਼ੁਰੂ ਕੀਤਾ। ਬਹੁਤ ਸਾਰੇ ਸਿੰਘ ਸਰਸਾ ਨਦੀ ਵਿੱਚ ਹੀ ਰੁੜ੍ਹ ਗਏ। ਏਥੇ ਤੱਕ ਕਿ ਬਹੁਤ ਸਾਰਾ ਕੀਮਤੀ ਸਾਹਿਤ ਵੀ ਸਰਸਾ ਨਦੀ ਦੀ ਭੇਟ ਚੜ੍ਹ ਗਿਆ।

ਏਸੇ ਭਾਜੜ ਵਿੱਚ ਗੁਰੂ ਜੀ ਦੇ ਛੋਟੇ ਦੋ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਆਪਣੀ ਦਾਦੀ ਜੀ ਮਾਤਾ ਗੁਜਰੀ ਜੀ ਸਮੇਤ ਕਾਫਲੇ ਤੋਂ ਵਿੱਛੜ ਗਏ। ਉਹ ਘੋਰ ਜੰਗਲਾਂ ਵਿੱਚੋਂ ਦੀ ਹੁੰਦੇ ਹੋਏ, ਰਾਤ ਇਕ ਕੁੰਮਾ ਨਾ ਦੇ ਮਾਸ਼ਕੀ ਦੀ ਕੁੱਲੀ ਵਿੱਚ ਠਹਿਰੇ। ਜਿੱਥੇ ਲੱਛਮੀ ਨਾਂ ਦੀ ਇਕ ਮਾਈ ਨੇ ਉਨ੍ਹਾਂ ਨੂੰ ਪ੍ਰਸ਼ਾਦਾ ਛਕਾਇਆ। ਜਦੋਂ ਗੰਗੂ ਨੂੰ ਇਨ੍ਹਾਂ ਦੀ ਭਿਣਕ ਪਈ ਤਾਂ ਉਨ੍ਹਾਂ ਨੂੰ ਲੈਣ ਲਈ ਓਥੇ ਆ ਪਹੁੰਚਿਆ। ਗੰਗੂ ਗੁਰੂ ਜੀ ਦਾ ਰਸੋਈਆ ਰਿਹਾ ਸੀ। ਉਸ ਨੇ ਅਰਜ਼ ਕੀਤਾ ਕਿ ਤਿੰਨੇ ਜਣੇ ਉਸ ਦੇ ਨਾਲ ਉਸ ਦੇ ਪਿੰਡ ਚਲੇ ਜਾਣ। ਮਾਤਾ ਜੀ ਡੂੰਘੀ ਸੋਚ ਵਿੱਚ ਪਏ ਹੋਏ ਸਨ। ਪ੍ਰੰਤੂ ਉਹ ਉਸ ਦੀਆਂ ਚਿਕਨੀਆਂ ਚੋਪੜੀਆਂ ਗੱਲਾਂ ਵਿੱਚ ਆ ਗਏ। ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ ਲੈ ਆਇਆ, ਜਿਸ ਪਿੰਡ ਦਾ ਨਾਂ ਅੱਜ ਕਲ ਖੇੜੀ ਹੈ। ਉਸ ਦੀ ਨੀਯਤ ਖੋਟੀ ਹੋ ਗਈ। ਉਸ ਨੇ ਤਿੰਨਾਂ ਬਾਰੇ ਮੁਰਿੰਡੇ ਦੇ ਕੋਤਵਾਲ ਨੂੰ ਖ਼ਬਰ ਦੇ ਦਿੱਤੀ। ਜਿਸ ਨੇ ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਪੇਸ਼ ਕਰ ਦਿੱਤਾ। ਇਸ ਦੇ ਬਦਲੇ ਗੰਗੂ ਨੂੰ ਸਰਕਾਰ ਵਲੋਂ ਮੂੰਹ ਮੰਗੀਆਂ ਮੋਹਰਾਂ ਮਿਲ ਗਈਆਂ।

ਸੂਬੇਦਾਰ ਵਜ਼ੀਰ ਖਾਨ ਨੇ ਪਹਿਲਾਂ ਤਾਂ ਤਿੰਨਾਂ ਨੂੰ ਠੰਢੇ ਬੁਰਜ ਵਿੱਚ ਕੈਦ ਕਰ ਰਖਿਆ। ਫੇਰ ਦੋਹਾਂ ਸਾਹਿਬਜ਼ਾਦਿਆਂ ਨੂੰ ਜਿਨ੍ਹਾਂ ਦੀ ਉਮਰ ਸਾਲ 5-10 ਮਹੀਨੇ ਅਤੇ 7-11 ਸਾਲ ਮਹੀਨੇ ਸੀ, ਉਨ੍ਹਾਂ ਨੂੰ ਹੱਥਕੜੀਆਂ ਲਾ ਕੇ ਆਪਣੀ ਕਚਹਿਰੀ ਵਿੱਚ ਪੇਸ਼ ਕਰਨ ਦਾ ਹੁਕਮ ਸੁਣਾਇਆ। ਅੰਦਰ ਜਾਣ ਲਈ ਇਕ ਛੋਟਾ ਜਿਹਾ ਮਘੋਰਾ ਸੀ। ਦੋਹਾਂ

ਸਾਹਿਬਜ਼ਾਦਿਆਂ ਨੇ ਪਹਿਲਾਂ ਉਸ ਵਿਚੋਂ ਆਪਣੇ ਪੈਰ ਅੱਗੇ ਵਧਾਏ। ਫੇਰ ਸਿਰ ਕੱਢੇ ਤਾਂ ਜੋ ਉਨ੍ਹਾਂ ਦਾ ਸੀਸ ਨਵਾਬ ਅੱਗੇ ਝੁਕੇ ਨਾਂਹ। ਦੋਹਾਂ ਨੇ ਖੜੇ ਹੋ ਕੇ ਗੱਜ ਕੇ ਫਤਹਿ ਬੁਲਾਈ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਪਹਿਲਾਂ ਤਾਂ ਉਨ੍ਹਾਂ ਨੂੰ ਡਰਾਵੇ ਦਿੱਤੇ। ਜਦ ਡਰਾਵਿਆਂ ਨਾਲ ਕੰਮ ਬਣਦਾ ਨਾਂਹ ਵੇਖਿਆ ਤਾਂ ਉਨ੍ਹਾਂ ਨੂੰ ਲਾਲਚ ਦੇਣੇ ਸ਼ੁਰੂ ਕਰ ਦਿੱਤੇ ਕਿ ਉਨ੍ਹਾਂ ਦੀ ਜਾਨ ਬਖ਼ਸ਼ੀ ਹੋ ਜਾਵੇਗੀ, ਜੇਕਰ ਉਹ ਇਸਲਾਮ ਧਰਮ ਕਬੂਲ ਕਰ ਲੈਣ। ਪ੍ਰੰਤੂ ਬੱਚੇ ਟੱਸ ਤੋਂ ਮੱਸ ਨਾਂਹ ਹੋਏ। ਇਕ ਦਿਨ ਦਾ ਉਨ੍ਹਾਂ ਨੂੰ ਸੋਚਣ ਦਾ ਸਮਾਂ ਦੇ ਕੇ ਵਾਪਸ ਠੰਢੇ ਬੁਰਜ ਉਨ੍ਹਾਂ ਦੀ ਦਾਦੀ ਜੀ ਪਾਸ ਭੇਜ ਦਿੱਤਾ ਗਿਆ।

ਦਾਦੀ ਜੀ ਨੂੰ ਉਨ੍ਹਾਂ ਨੇ ਸਾਰੀ ਘਟਨਾ ਬਾਰੇ ਸੂਚਿਤ ਕੀਤਾ। ਦਾਦੀ ਜੀ ਇਸ ਗੱਲ ਤੇ ਬਹੁਤ ਖੁਸ਼ ਹੋਈ ਕਿ ਬੱਚਿਆਂ ਨੇ ਬੜੀ ਬਹਾਦਰੀ ਵਿਖਾਈ ਹੈ। ਦਾਦੀ ਜੀ ਨੇ ਉਨ੍ਹਾਂ ਦੋਹਾਂ ਨੂੰ ਇੰਝ ਉਪਦੇਸ਼ ਦਿੱਤਾ :

## ਦਾਦੀ ਦਾ ਸਾਹਿਬਜ਼ਾਦਿਆਂ ਨੂੰ ਉਪਦੇਸ਼.....

ਦਾਦੀ ਦੀ ਅਸੀਸ ਲੈ ਲੌ ਮੇਰਿਓ ਪਿਆਰਿਓ।
ਪਿਤਾ ਦੇ ਦੁਲਾਰਿਓ ਤੇ ਪੰਥ ਦੇ ਸਹਾਰਿਉ।

.....................................................................................................

ਪਾਈਆਂ ਤਲਵਾਰਾਂ ਨੇ ਆਹ ਜਬਰ ਮੁਕਾਉਣ ਨੂੰ।
ਤੀਲ੍ਹੀ ਬਣ ਅੱਗ ਇਨ੍ਹਾ ਜ਼ੁਲਮਾਂ ਨੂੰ ਲਾਉਣ ਨੂੰ।
ਪੈਰ ਅੱਜ ਰੱਖਣੇ ਨੇ ਸੋਚ ਕੇ ਸਿਤਾਰਿਓ।
ਪਿਤਾ ਦੇ ਦੁਲਾਰਿਓ..................।

ਸੂਬਾ ਅੱਜ ਤੁਸਾਂ ਉਤੇ ਜ਼ੁਲਮ ਕਮਾਏਗਾ।
ਲਾਲਚ ਵੀ ਦੇ ਕੇ ਤੁਸਾਂ ਤਾਈਂ ਉਹ ਮਨਾਏਗਾ।
ਡੋਲਣਾ ਨਾਂਹ ਪੰਥ ਦਿਉ ਉੱਚਿਓ ਮੁਨਾਰਿਓ।
ਪਿਤਾ ਦੇ ਦੁਲਾਰਿਓ..................।

ਨੀਹਾਂ ਵਿੱਚ ਅੱਜ ਉਸ ਤੁਸਾਂ ਨੂੰ ਚੁਨਾਉਣਾ ਏਂ।
ਛਾਨਣੀ ਸਰੀਰ ਸੋਹਣਾ ਤੁਸਾਂ ਦਾ ਬਨਾਉਣਾ ਏਂ।
ਜੱਗ ਹੈ ਇਹ ਫ਼ਾਨੀ ਏਸ ਗਲ ਨੂੰ ਵਿਚਾਰਿਓ।
ਪਿਤਾ ਦੇ ਦੁਲਾਰਿਓ..................।

ਇਨ੍ਹਾਂ ਨੀਹਾਂ ਜਾਬਰਾਂ ਇਹ ਹਾਕਮਾਂ ਨੂੰ ਸਾੜਨਾ।



ਦੇਸ਼ ਦਾ ਭਵਿੱਖ, ਇਨ੍ਹਾਂ ਨੀਹਾਂ ਨੇ ਉਸਾਰਨਾ।
ਦਾਦੀ ਦੇ ਇਹ ਬਚਨਾਂ ਤੇ ਫੁੱਲ ਤੁਸੀਂ ਚਾੜ੍ਹਿਓ।
ਪਿਤਾ ਦੇ ਦੁਲਾਰਿਓ..................।

ਅਗਵਾਈ ਅਪਨਾਉਣੀ, ਤੁਸਾਂ ਦੀ ਜਹਾਨ ਨੇ।
ਦੇਸ਼ ਦੀ ਆਜ਼ਾਦੀ ਵਾਲੇ ਝੂਲਣੇ ਨਿਸ਼ਾਨ ਨੇ।
ਲਾਡਪੁਰੀ ਜਿੰਦ ਇਹ ਤਾਂ ਦੇਸ਼ ਲੇਖੇ ਲਾ ਦਿਉ।
ਪਿਤਾ ਦੇ ਦੁਲਾਰਿਓ..................।

ਅਗਲੇ ਦਿਨ ਦੋਵਾਂ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਦੋਹਾਂਨੇ ਗੱਜ ਕੇ ਫਤਹਿ ਬੁਲਾਈ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ'। ਸੂਬੇਦਾਰ ਨੇ ਫਿਰ ਉਹੀ ਪ੍ਰਸ਼ਨ ਦੁਹਰਾਇਆ। ਪ੍ਰੰਤੂ ਦੋਹਾਂ ਸਾਹਿਬਜ਼ਾਦਿਆਂ ਨੇ ਫਿਰ ਪਹਿਲੇ ਵਾਂਗ ਇਸ ਦਾ ਕਰਾਰਾ ਉੱਤਰ ਦਿੱਤਾ। ਦੀਵਾਨ ਸੁੱਚਾ ਨੰਦ ਨੇ ਕਿਹਾ ਕਿ ਇਹ ਜ਼ਹਿਰੀਲੇ ਸੱਪ ਹਨ। ਵਜ਼ੀਰ ਖ਼ਾਂ ਨੂੰ ਕਿਹਾ ਕਿ ਸੂਲਾਂ ਜੰਮਦੀਆਂ ਨੂੰ ਹੀ ਖ਼ਤਮ ਕਰ ਦੇਣਾ ਚਾਹੀਦਾ ਹੈ। ਸੋ ਹੁਕਮ ਹੋਇਆ ਕਿ ਇਨ੍ਹਾਂ ਨੂੰ ਜਿਉਂਦਿਆਂ ਨੀਹਾਂ ਵਿੱਚ ਚਿਣ ਦਿੱਤਾ ਜਾਵੇ। ਇਕ ਵਾਰ ਹੋਰ ਲਾਲਚ ਦੇ ਕੇ ਪੁੱਛਿਆ ਜਾਵੇ। ਸੂਬਾ ਦੋਹਾਂ ਨੂੰ ਇੰਵ ਪੁਚਕਾਰਦਾ ਹੈ :

## ਸੂਬੇ ਦਾ ਲਾਲਚ ਦੇਣਾ ...................

ਨੀਹਾਂ ਵਿੱਚ ਖਲ੍ਹਿਆਰ ਲਾਲਾਂ ਨੂੰ, ਸੂਬਾ ਇੰਜ ਪੁਕਾਰੇ।
ਗਭਰੂ ਬਣੋ ਤੇ ਔਹਦੇ ਮਾਣੋ, ਚਾਨਣ ਬਣੋ ਮੁਨਾਰੇ।
ਕੀ ਲੈਣਾ ਏਂ ਹਿੰਦੂ ਰਹਿ ਕੇ, ਵੇਲਾ ਚਾ, ਵਿਚਾਰੋ।
ਉੱਚੇ ਔਹਦਿਆਂ ਲਾ ਦਿਆਂ ਹੁਣ ਤੋਂ, ਜੇ ਇਸਲਾਮ ਨੂੰ ਧਾਰੋ।
ਇਹ ਇਨਸਾਨੀ ਜਾਮਾ ਸੋਚੋ, ਘੜੀ ਮੁੜੀ ਨਹੀਂ ਆਉਣਾ।
ਗੁਲਸ਼ਨ ਦੀ ਫੁਲਵਾੜੀ ਅੰਦਰ, ਫੁੱਲ ਇਕ ਦਿਨ ਮਹਿਕਾਉਣਾ।

ਸਾਡਾ ਦਿਲ ਨਹੀਂ ਕਰਦਾ ਜਿੰਦਾਂ ਇਹ ਮਾਸੂਮ ਗਵਾਈਏ।
ਅੱਧ ਖਿੜੇ ਫੁੱਲਾਂ ਦੇ ਤਾਈਂ, ਐਵੇਂ ਤੋੜ ਗਵਾਈਏ।
ਪਾਲ ਪੋਸ ਕੇ ਗਭਰੂ ਕਰਕੇ, ਬੇਗ਼ਮਾਂ ਚਾ, ਵਿਆਹਵਾਂ।
ਦਿਲ ਦੀਆਂ ਦਿਲ ਵਿਚ ਰਹਿ ਨ ਜਾਵਣ, ਕੀਤੇ ਕੌਲ ਨਿਭਾਵਾਂ।

ਹਾਂ ਵਿੱਚ ਹਾਂ ਭਰੋ ਇਕ ਵੇਰਾਂ, ਰਾਜੇ ਤਾਈਂ ਬੁਲਾਵਾਂ।
ਸੂਬੇ ਕਿਸੇ ਦੇ ਸੂਬੇਦਾਰ ਮੈਂ, ਭਲਕੇ ਜਾ, ਬਣਾਵਾਂ।

ਅੱਗੇ ਪਿੱਛੇ ਨੌਕਰ ਫਿਰਨ ਤੇ ਫੌਜਾਂ ਕਰਨ ਸਲਾਮਾਂ,
ਸ਼ਹਿਨਸ਼ਾਹ ਦੀ ਫੁਲਵਾੜੀ ਅੰਦਰ, ਸੱਜਰਾਂ ਬੂਟਾ ਲਾਵਾਂ।
ਸੂਬੇ ਦੇ ਨਾਂ ਉਤੋਂ ਡਰਦਾ, ਜਾਣੋਂ ਕੁੱਲ ਜ਼ਮਾਨਾ।
ਜੇ ਨਾਂਹ ਮੰਨੋ ਲਾਡਪੁਰੀ ਪਲ ਵਿੱਚ ਹੀ, ਮਾਰ ਮੁਕਾਵਾਂ।

ਭਾਵੇਂ ਬੱਚੇ ਅਜੇ ਮਾਸੂਮ ਸਨ। ਉਹ ਤਾਂ ਸਿੱਖੀ ਦੇ ਰੰਗ ਵਿੱਚ ਪੂਰੀ ਤਰ੍ਹਾਂ ਰੱਤੇ ਹੋਏ ਸਨ। ਆਪਣੇ ਪਿਤਾ ਜੀ ਦਾ ਤੇਜ਼ ਪ੍ਰਤਾਪ ਤਾਂ ਉਨ੍ਹਾਂ ਉੱਤੇ ਹੈ ਹੀ ਸੀ। ਨਾਲ ਹੀ ਪਿਆਰੀ ਦਾਦੀ ਜੀ ਜਿਨ੍ਹਾਂ ਨਾਲ ਉਹ ਹਰ ਦਮ ਰਹਿੰਦੇ ਸਨ। ਉਸਦੀ ਸਿਖਿਆ ਦਾ ਵੀ ਉਨ੍ਹਾਂ ਉੱਤੇ ਬਹੁਤ ਪ੍ਰਭਾਵ ਸੀ। ਦੋਹਾਂ ਨੇ ਬੜੀ ਬਹਾਦਰੀ ਨਾਲ ਉੱਤਰ ਦਿੱਤਾ ਕਿ ਸੂਬਾ ਜੋ ਵੀ ਸਜ਼ਾ ਦੇਵੇ ਉਨ੍ਹਾਂ ਨੂੰ ਮਨਜ਼ੂਰ ਹੋਵੇਗੀ। ਉਹ ਕਦੀ ਵੀ ਇਸਲਾਮ ਧਰਮ ਕਬੂਲ ਨਹੀਂ ਕਰਨਗੇ। ਉਨ੍ਹਾਂ ਨੇ ਕਿਹਾ ਕਿ ਦੇਸ਼ ਤਾਂ ਉਨ੍ਹਾਂ ਦਾ ਹੈ। ਉਹ ਕੌਣ ਹੁੰਦੇ ਹਨ ਉਨ੍ਹਾਂ ਨੂੰ ਵਜ਼ੀਰੀਆ ਜਾਂ ਔਹਦੇ ਦੇਣ ਵਾਲੇ ਉਨ੍ਹਾਂ ਦੀ ਦੁਨੀਆਂ ਵਿੱਚ ਇਕ ਵੱਖਰੀ ਪਛਾਣ ਹੈ। ਉਨ੍ਹਾਂ ਨੇ ਉਹ ਕੰਮ ਕਰ ਵਿਖਾਇਆ ਜੋ ਅੱਜ ਤੱਕ ਵੱਡੇ ਵੀ ਨਹੀਂ ਕਰ ਸਕੇ। ਏਸੇ ਲਈ ਸਾਰਾ ਜੱਗ ਉਨ੍ਹਾਂ ਦੀ ਬਹਾਦਰੀ ਦੀ ਘੋਰ ਪ੍ਰਸੰਸ਼ਾ ਕਰਦਾ ਹੈ। ਸਾਹਿਬਜ਼ਾਦਿਆਂ ਨੇ ਸੂਬੇ ਨੂੰ ਇਉਂ ਉੱਤਰ ਦਿੱਤਾ :

## ਸਾਹਿਬਜ਼ਾਦਿਆਂ ਦਾ ਉੱਤਰ

ਰਗਾਂ ਵਿੱਚ ਏ ਦੇਸ਼ ਪਿਆਰ ਜਿਸਦੇ, ਲਾਲਚ ਦੇ ਕੇ ਕਿਵੇਂ ਕੋਈ ਮੋੜ ਸਕਦਾ ਹੈ।
ਜਲਦੀ ਸਮ੍ਹਾਂ ਤੇ ਆਉਣੋ ਪਰਵਾਨਿਆਂ ਨੂੰ, ਲਾਡਪੁਰੀ ਹੈ ਕਿਵੇਂ ਕੋਈ ਹੋੜ ਸਕਦਾ।

**.............ਵਾਰ.................**

ਓਏ ਕੰਨ ਲਾ ਸੁਣ ਲੈ ਸੂਬਿਆ, ਕਿਹੜੇ ਰਿਹਾਂ ਅੰਗਾਰ ਵਰ੍ਹਾਅ।
ਅੱਗ ਨਿੱਕੀਆ ਇਹ ਚੰਗਿਆੜੀਆਂ, ਦੇਣੀ ਰਾਜ ਤੇਰੇ ਨੂੰ ਲਾਅ।
ਓਏ ਲਾਲਚ ਦੇਵੇਂ ਰਾਜ ਦਾ, ਭਲਾ ਸੋਚ ਖਾਂ ਰਾਜ ਕਿਹਦਾ।
ਅਸਾਂ ਬਣ ਕੇ ਲਹਿਰਾਂ ਬਾਂਕੀਆਂ, ਦੇਣਾਂ ਰਾਜ ਤੇਰਾ ਇਹ ਰੁੜ੍ਹਾ।
ਤੇਰੇ ਹੱਥ ਜ਼ੁਲਮ ਦੀ ਦਾਤਰੀ, ਸਾਡੇ ਹੱਥ ਸਿਦਕ ਦਾ ਚਾਅ।
ਤੇਰੇ ਜ਼ੁਲਮ ਨੇ ਤੈਨੂੰ ਪੁਟਣਾ, ਸਾਡਾ ਸਿਦਕ ਇਹ ਲਊਗਾ ਬਚਾਅ।
ਐਸੀ ਨ੍ਹੇਰੀ ਆਊ ਜ਼ੋਰ ਦੀ, ਵਗੂ ਵਿੱਚ ਸਰਹੰਦ ਦੇ ਆ।
ਤੈਨੂੰ ਸਿਰ ਤੋਂ ਪੈਰਾਂ ਤੀਕਰਾਂ, ਲਊ ਆਪਣੇ ਵਿਚ ਵਲਾਅ।
ਜਿਹੜੇ ਬੂਟੇ ਤਾਈਂ ਸੋਚਨਾਂ, ਦੇਂਵੇਂ ਜੜ੍ਹ ਤੋਂ ਪੱਟ ਗੁਆ।
ਉਸ ਬੂਟੇ ਵੱਧ ਫੁਲ ਫਲ ਕੇ, ਤੇਰਾ ਰਾਜ ਲੈਣਾ ਅਪਨਾ।



ਉਹ ਵੀ ਜਿੰਦ ਕਾਹਦੀ, ਜੋ ਆਪਣੇ, ਕੰਮ ਦੇਸ਼ ਦੇ ਸਕੇ ਨਾਂਹ ਆ।
ਅੱਜ ਜ਼ੁਲਮ ਤੇਰਾ ਅਸੀਂ ਪਰਖਣਾ,ਤੇ ਤੂੰ ਸਾਡਾ ਸਬਰ ਅਜ਼ਮਾ।
ਸਾਡੀ ਏਸ ਸ਼ਹਾਦਤ ਦੇਸ਼ ਦਾ, ਦੇਣਾ ਖੂਨ ਫੇਰ ਗਰਮਾ।
ਲਾਡਪੁਰੀ ਕੀ ਕੋਈ ਵਿਗਾੜ ਲਊ, ਜਿਹਨੂੰ ਰੱਬ ਦਾ ਆਸਰਾ।

ਸਾਹਿਬਜ਼ਾਦਿਆਂ ਦਾ ਰੋਹ ਭਰਿਆ ਉੱਤਰ ਸੁਣ ਕੇ ਸੂਬਾ ਤਿਲਮਿਲਾ ਉੱਠਿਆ। ਹੁਕਮ ਕੀਤਾ ਕਿ ਦੋਹਾਂ ਨੂੰ ਬਿਨਾਂ ਝਿਜਕ ਨੀਹਾਂ ਵਿੱਚ ਚਿਣ ਦਿੱਤਾ ਜਾਵੇ। ਇੱਟ ਨਹੀਂ ਟੁੱਟਣੀ ਚਾਹੀਦੀ। ਇੱਟ ਦੀ ਥਾਂ ਇਨ੍ਹਾਂ ਦਾ ਮਾਸ ਨੋਚਿਆ ਜਾਵੇ। 25 ਦਸੰਬਰ 1704 ਈ. ਦਾ ਮਨਹੂਸ ਦਿਨ ਸਾਬਿਤ ਹੋਇਆ ਜਿਸ ਦਿਨ ਭਾਰਤ ਦੀਆਂ ਦੋ ਮਾਸੂਮ ਜਿੰਦਾਂ ਬਿਨਾਂ ਕਸੂਰ ਤੋਂ ਨੀਹਾਂ ਵਿੱਚ ਚਿਣੀਆਂ ਜਾਣ ਲੱਗੀਆਂ। ਸਿੱਖੀ ਬਣੀ ਹੀ ਸ਼ਹਾਦਤ ਪਾਉਣ ਲਈ ਹੈ। ਇਹ ਖੰਡੇ ਬਾਟੇ ਦੀ ਸ਼ਕਤੀ ਹੈ। ਸਿੱਖ ਮੌਤ ਨੂੰ ਲਾੜੀ ਸਮਝ ਕੇ ਇਸ ਨੂੰ ਚਾਅ ਨਾਲ ਗਲੇ ਲਾਉਂਦੇ ਹਨ।

ਸੋ ਮਿਸਤਰੀਆਂ ਨੇ ਕੰਧਾਂ ਉਸਾਰਨੀਆਂ ਆਰੰਭ ਕੀਤੀਆਂ। ਭਲਾ ਕੀ ਕਿਸੇ ਦੀ ਮਜਾਲ ਸੀ ਕਿ ਉਹ ਵਜ਼ੀਰ ਖਾਂ ਦੇ ਹੁਕਮ ਦੀ ਅਦੂਲੀ ਕਰਦਾ । ਕੌਣ ਕਹਿ ਸਕਦਾ ਸੀ ਕਿ ਉਹ ਮਾੜਾ ਕੰਮ ਕਰ ਰਿਹਾ ਸੀ। ਭਾਰਤ ਦੀ ਚਲੀ ਹੋਈ ਪਰੰਪਰਾ ਅਨੁਸਾਰ ਕੋਈ ਵੀ ਡਿਗੇ, ਨਿਹੱਥੇ ਅਤੇ ਮਾਸੂਮਾਂ ਉੱਤੇ ਵਾਰ ਨਹੀਂ ਸੀ ਕਰਦਾ। ਪ੍ਰੰਤੂ ਇਸ ਜ਼ਾਲਮ ਹਕੂਮਤ ਨੇ ਤਾਂ ਸ਼ਰਮ ਦੀ ਲੋਈ ਹੀ ਲਾਹ ਛੱਡੀ। ਠੀਕ ਉਸੇ ਸਮੇਂ ਨਵਾਬ ਮਲੇਰਕੋਟਲਾ ਓਥੇ ਪੁੱਜ ਗਿਆ। ਜਦੋਂ ਉਸ ਨੇ ਵਜ਼ੀਰ ਖਾਂ ਦੀ ਇਹ ਕਾਇਰਤਾ ਭਰੀ ਦਾਸਤਾਨ ਵੇਖੀ ਤਾਂ ਉਹ ਹੈਰਾਨ ਰਹਿ ਗਿਆ। ਉਸ ਨੇ ਉੱਚੀ ਹਾਅ ਦਾ ਨਾਅਰਾ ਮਾਰਿਆ। ਪ੍ਰੰਤੂ ਵਜ਼ੀਰ ਖਾਨ ਆਪਣੀ ਆਕੜ ਵਿੱਚ ਕਿਸੇ ਦੀ ਗੱਲ ਕਿੱਥੋਂ ਮੰਨਣ ਵਾਲਾ ਸੀ। ਨਵਾਬ ਮਲੇਰਕੋਟਲੇ ਨੇ ਕਿਹਾ ਕਿ ਮਾਸੂਮਾਂ ਨੂੰ ਛੱਡ ਦਿੱਤਾ ਜਾਵੇ। ਪ੍ਰੰਤੂ ਸੂਬੇ ਵਜ਼ੀਰ ਖਾਂ ਦੇ ਉਤੇ ਇਸ ਦਾ ਰੱਤੀ ਭਰ ਵੀ ਅਸਰ ਨਾਂਹ ਹੋਇਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਕਵੀ ਇੰਝ ਬਿਆਨ ਕਰਦਾ ਹੈ :-

## ਸਾਹਿਬਜ਼ਾਦਿਆਂ ਦੀ ਸ਼ਹੀਦੀ

ਪੰਜਾਬ ਦੇ ਦੋ ਪੁੱਤਰ, ਜਿਹੜੇ ਦੁੱਧ ਮੱਖਣਾਂ ਨਾਲ ਪਾਲੇ।
ਕੰਧੇ ਸਰਹੰਦ ਦੀਏ, ਕਿਸ ਕੀਤੇ ਮਾਸੂਮ ਹਵਾਲੇ।

.................................................................................................

ਅੱਜ ਤੱਕ ਤਾਂ ਰੀਤ ਰਹੀ, ਡਿਗੇ ਨਿਹੱਥੇ ਨੂੰ ਨਾਂਹ ਮਾਰੋ।
ਇਹ ਭਾਜੀ ਨਵੀਂ ਕਿਹੜੀ, ਮੁਗਲੋ ਭਾਰਤ ਦੇ ਸਿਰ ਚਾੜ੍ਹੋ।
ਕੀ ਕਰੇਂ ਦਨਾਈ ਤੂੰ, ਕਿਹੜੇ ਫੜ ਲਏ ਉਲਟੇ ਚਾਲੇ।
ਕੰਧੇ ਸਰਹੰਦ ਦੀਏ............................।
ਮਾਸੂਮ ਇਹ ਜਿੰਦਾਂ ਨਹੀਂ, ਇਨ੍ਹਾਂ ਨੇ ਅੱਗ ਬਣ ਤੈਨੂੰ ਖਾਣਾ।
ਤੂਫ਼ਾਨ ਇਨ੍ਹਾਂ ਬਣ ਕੇ, ਤੇਰਾ ਰਾਜ ਉਡਾ ਲੈ ਜਾਣਾ।
ਜਿਸ ਤੇ ਤੂੰ ਜ਼ੁਲਮ ਕਰੇਂ, ਇਹ ਤਾਂ ਦੁੱਧ ਚੁੰਘਦੇ ਨੇ ਹਾਲੇ।
ਕੰਧੇ ਸਰਹੰਦ ਦੀਏ............................।
ਭਾਰਤ ਦੀ ਗ਼ੈਰਤ ਨੇ ਅਜ ਕੋਈ ਨਵਾਂ ਮੋੜ ਏ ਲੈਣਾਂ।
ਅੱਜ ਤੋਂ ਪਿਛੋਂ ਵੇਖੀਂ ਤੇਰਾ ਜ਼ੁਲਮ ਕਿਸੇ ਨਹੀਂ ਸਹਿਣਾ।
ਜ਼ੁਲਮਾਂ ਨੂੰ ਢਾਉਣ ਲਈ ਸੂਬਿਆ ਆਉਣੇ ਬੱਦਲ ਕਾਲੇ।
ਕੰਧੇ ਸਰਹੰਦ ਦੀਏ............................।
ਓਏ ਗੰਗੂ ਕੀ ਕੀਤਾ, ਕਾਹਨੂੰ ਬਣਿਆਂ ਨਮਕ-ਹਰਾਮੀ।
ਤੂੰ ਲਾਲਚ ਵੱਸ ਹੋ ਕੇ, ਕੀਤੀ ਸਤਿਗੁਰ ਨਾਲ ਸ਼ਤਾਨੀ।
ਅੱਜ ਤੋਂ ਫਸ ਗਈ ਤੇਰੀ ,ਜਿੰਦ ਵੀ ਭੈੜਿਆ ਅੱਧ-ਵਿਚਾਲੇ।
ਕੰਧੇ ਸਰਹੰਦ ਦੀਏ............................।
ਛੇਤੀ ਹੀ ਵੇਖੀਂ ਤੂੰ , ਯੋਧਾ ਇਸ ਧਰਤ ਤੇ ਆਊ।
ਭਾਜੀ ਦਾ ਲਾਡਪੁਰੀ ਹੱਥੀਂ ਉਹ ਤਾਂ ਮੁਲ ਚੁਕਾਊ।
ਮਾਸੂਮ ਮਾਰ ਕੇ ਦਸ ਤੂੰ, ਕਿਹੜੇ ਕੀਤੇ ਕੰਮ ਨਿਰਾਲੇ।
ਕੰਧੇ ਸਰਹੰਦ ਦੀਏ............................।

ਜਦ ਨੀਹਾਂ ਸਾਹਿਬਜ਼ਾਦਿਆਂ ਦੇ ਗਲਾਂ ਤੱਕ ਪੁੱਜ ਗਈਆਂ ਤਾਂ ਉਨ੍ਹਾਂ ਨੂੰ ਸ਼ਹੀਦ ਹੋ ਗਏ ਸਮਝ ਕੇ ਜੱਲਾਦਾਂ ਨੇ ਨੀਹਾਂ ਵਿਚੋਂ ਦੋਹਾਂ ਨੂੰ ਬਾਹਰ ਕਢਿਆ। ਪੰਥ ਪ੍ਰਕਾਸ਼ ਦੇ ਕਰਤਾ ਅਨੁਸਾਰ ਬੇਹੋਸ਼ ਹੋਏ ਬੱਚਿਆਂ ਨੂੰ ਜਿਹਬਾ ਕੀਤਾ ਗਿਆ। ਭਾਵ ਛਾਤੀ ਤੋਂ ਹੇਠਾਂ ਤੱਕ ਚੀਰ ਦਿੱਤਾ ਗਿਆ। ਕਿੰਨਾ ਘਨੌਣਾ ਕੰਮ ਸੀ, ਜ਼ਾਲਮ ਹਾਕਮ ਦਾ ! ਸਭ ਦੇ ਰੋਂਗਟੇ ਖੜੇ ਹੋ ਗਏ।

ਓਧਰ ਮਾਤਾ ਜੀ ਨੂੰ ਜਦੋਂ ਬੱਚਿਆਂ ਦੀ ਸ਼ਹਾਦਤ ਦਾ ਪਤਾ ਲੱਗਿਆ। ਤਾਂ ਇਸ ਗੱਲ ਨੇ ਉਨ੍ਹਾਂ ਦੇ ਮਨ ਨੂੰ ਝੰਜੋੜ ਕੇ ਰੱਖ ਦਿੱਤਾ। ਦੂਜੇ ਪਾਸੇ ਉਨ੍ਹਾਂ ਨੇ ਗੁਰੂ ਨਾਨਕ ਦਾ ਲੱਖ-2 ਸ਼ੁਕਰਾਨਾ ਕੀਤਾ ਜਿਸ ਦਾ ਸਦਕਾ ਇਹ ਬੱਚੇ ਆਪਣੇ ਧਰਮ ਤੇ ਅਡੋਲ ਕਾਇਮ ਰਹੇ ਅਤੇ



ਉਨ੍ਹਾਂ ਨੇ ਹੱਸ ਕੇ ਮੌਤ ਨੂੰ ਗਲੇ ਲਗਾ ਲਿਆ। ਮਾਤਾ ਜੀ ਨੇ ਬੱਚਿਆਂ ਨੂੰ ਕਵੀ ਦੇ ਅਨੁਸਾਰ ਇੰਜ ਅਸ਼ੀਰਵਾਦ ਦਿੱਤਾ :

## ਮਾਤਾ ਗੁਜਰੀ ਦਾ ਸੰਦੇਸ਼...........

ਨੀਂ ਮੈਂ ਲਾਲ ਧਰਮ ਲਈ ਵਾਰੇ,
ਸਬਰਾਂ ਦੇ ਘੁੱਟ ਭਰ ਲਏ।
ਨੀਂ ਮੈਂ ਜ਼ਰ ਲਏ ਵਿਛੋੜੇ ਭਾਰੇ।
ਸਬਰਾਂ ਦੇ ਘੁੱਟ ਭਰ ਲਏ।
..........................................................................................
ਨਿੱਖੜੀਆਂ ਜੋੜੀਆਂ ਕਦੀ ਨਾਂਹ ਫੇਰ ਰਲੀਆਂ।
ਕਿੰਨੀਆਂ ਨੇ ਸੁੰਞੀਆਂ ਇਹ ਹੋਈਆਂ ਅੱਜ ਗਲੀਆਂ।
ਮੇਰੇ ਬੁਝ ਗਏ ਅੱਖਾਂ ਦੇ ਤਾਰੇ।
ਸਬਰਾਂ ਦੇ ਘੁੱਟ...........................।
ਪਰਬਤਾਂ ਦੇ ਵਾਂਗੂੰ ਵੱਡੇ ਜਿਗਰੇ ਮੈਂ ਕੀਤੇ ਸੀ।
ਗ਼ਮ ਖਾ ਲਏ ਅੰਦਰੀਂ ਤੇ ਹੰਝੂ ਮੈਂ ਇਹ ਪੀਤੇ ਸੀ।
ਨੀਂ ਮੈਂ ਹੱਸ ਹੱਸ ਸਦਮੇਂ ਸਹਾਰੇ।
ਸਬਰਾਂ ਦੇ ਘੁੱਟ...........................।
ਬਾਂਕੇ ਮੇਰੇ ਬੱਚਿਆਂ ਸ਼ਹੀਦੀ ਬਾਟਾ ਪਾ ਲਿਆ।
ਦੇਸ਼ ਕੌਮ ਦਾ ਸੀ ਮਾਣ ਉਨ੍ਹਾਂ ਰਖਵਾ ਲਿਆ।
ਡੋਲੇ ਮੌਤ ਤੋਂ ਨਾਂਹ, ਦੁੱਖ ਝੱਲੇ ਭਰੇ।
ਸਬਰਾਂ ਦੇ ਘੁੱਟ...........................।
ਜ਼ਾਲਮਾਂ ਨੇ ਆਉਂਦੇ ਸਮੇਂ ਝੱਖੜ ਝੁਲਾਉਣੇ ਨੇ ।
ਮਾਵਾਂ ਕੋਲੋਂ ਖੋਹ ਖੋਹ ਕੇ ਪੁੱਤ ਮਰਵਾਉਣੇ ਨੇ।
ਲਾਡਪੁਰੀ ਦੇਣੇ ਉੱਤਰ ਕਰਾਰੇ।
ਸਬਰਾਂ ਦੇ ਘੁੱਟ...........................।

ਮਾਤਾ ਗੁਜਰੀ ਜੀ ਨੇ ਜ਼ਾਲਮਾਂ ਦੇ ਹੱਥ ਆਉਣ ਨਾਲੋਂ ਸ਼ਹੀਦੀ ਬਾਟਾ ਛਕਣਾ ਚੰਗਾ ਸਮਝਿਆ। ਸੋ ਉਨ੍ਹਾਂ ਨੇ ਠੰਢੇ ਬੁਰਜ ਤੋਂ ਛਾਲ ਮਾਰ ਕੇ ਦੇਸ਼ ਕੌਮ ਦੀ ਖ਼ਾਤਿਰ ਸ਼ਹੀਦੀ ਬਾਟਾ ਛਕ ਲਿਆ ਤੇ ਸਦਾ ਲਈ ਅਮਰ ਹੋ ਗਏ।

ਟੋਡਰ ਮੱਲ ਜੋ ਕਿ ਇਕ ਬਹੁਤ ਹੀ ਧਨੀ ਆਦਮੀ ਸੀ ਉਸ ਨੇ ਸੋਨੇ ਦੀਆਂ ਮੂੰਹ ਮੰਗੀਆਂ ਮੋਹਰਾਂ ਦੇ ਕੇ ਦੋਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਸਸਕਾਰ ਕਰਨ ਲਈ ਥਾਂ ਮੁੱਲ ਲੈ ਲਈ। ਉਸ ਨੇ ਤਿੰਨਾਂ ਦਾ ਹੀ ਸਸਕਾਰ ਉਸ ਥਾਂ ਤੇ ਕਰ ਦਿੱਤਾ।

ਓਧਰ ਗੁਰੂ ਗੋਬਿੰਦ ਸਿੰਘ ਮਹਾਂਰਾਜ ਜੋ ਉਨ੍ਹਾਂ ਦਿਨਾਂ ਵਿੱਚ ਰਾਏਕੋਟ ਦੇ ਇਲਾਕੇ ਵਿੱਚ ਸਨ। ਉਨ੍ਹਾਂ ਨੂੰ ਜਦ ਇਸ ਸਾਰੀ ਘਟਨਾ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਹੈਰਾਨ ਹੋ ਕੇ ਪੁੱਛਿਆ ਕਿ ਉਸ ਵੇਲੇ ਵਜ਼ੀਰ ਖਾਂ ਨੂੰ ਕਿਸੇ ਨਾਂਹ ਸਮਝਾਇਆ। ਸਿੱਖਾਂ ਨੇ ਦੱਸਿਆ ਕਿ ਮਲੇਰਕੋਟਲੇ ਦੇ ਸੂਬੇਦਾਰ ਨੇ ਉਸ ਨੂੰ ਬਹੁਤ ਵਰਜਿਆ। ਪਰ ਵਜ਼ੀਰ ਖਾਂ ਆਪਣੀ ਗੱਲ ਤੇ ਹੀ ਅੜਿਆ ਰਿਹਾ। ਤਾਂ ਪਿਤਾ ਦਸਮੇਸ਼ ਬੋਲੇ ਕਿ ਹੁਣ ਸਮਾਂ ਆ ਗਿਆ ਹੈ ਕਿ ਇਸ ਮੁਗਲ ਹਕੂਮਤ ਦੀਆਂ ਸਦਾ ਲਈ ਭਾਰਤ ਵਿੱਚੋਂ ਜੜ੍ਹਾਂ ਪੁੱਟੀਆਂ ਜਾਣਗੀਆਂ। ਮਲੇਰਕੋਟਲੇ ਬਾਰੇ ਭਵਿੱਖਬਾਣੀ ਕੀਤੀ ਕਿ ਇਹ ਮੁਸਲਮਾਨ ਸਦਾ ਹੀ ਏਥੇ ਰਹਿਣਗੇ। ਇਨ੍ਹਾਂ ਨੂੰ ਆਂਚ ਤੱਕ ਨਹੀਂ ਆਏਗੀ।

ਇੰਝ ਭਾਰਤ ਦੀਆਂ ਦੋ ਮਾਸੂਮ ਜਿੰਦਾਂ ਨੇ ਹੱਸ ਹੱਸ ਕੇ ਦੇਸ਼ ਦੀ ਖ਼ਾਤਿਰ ਆਪਣੀ ਕੁਰਬਾਨੀ ਦੇ ਦਿੱਤੀ। ਇਸ ਵਜ਼ੀਰ ਖਾਂ ਨੂੰ ਸੋਧਣ ਲਈ ਆਇਆ ਇਸ ਧਰਤ ਤੇ ਸ੍ਰ: ਬੰਦਾ ਸਿੰਘ ਬਹਾਦਰ ਜਿਸ ਨੇ 22 ਮਈ 1710 ਈ: ਨੂੰ ਚੱਪੜਚੇੜੀ ਦੇ ਸਥਾਨ ਤੇ ਵਜ਼ੀਰ ਖਾਂ ਨੂੰ ਆਪਣੇ ਹੱਥੀਂ ਇਸ ਦੀ ਸਜ਼ਾ ਦਿੱਤੀ। ਸਾਰੇ ਸਰਹੰਦ ਵਿੱਚ ਕਤਲਆਮ ਕੀਤਾ। ਵਜ਼ੀਰ ਖਾਂ ਦਾ ਮੂੰਹ ਕਾਲਾ ਕਰਕੇ ਗਲੀਆਂ ਬਾਜ਼ਾਰਾਂ ਵਿਚੋਂ ਘੁਮਾਇਆ ਅਤੇ ਅੰਤ ਵਿੱਚ ਉਸ ਕਮੀਨੇ ਦੀ ਲਾਸ਼ ਨੂੰ ਰੁੱਖਾਂ ਉੱਤੇ ਟੰਗ ਦਿੱਤਾ ਗਿਆ ਤਾਂ ਜੋ ਇੱਲਾਂ ਤੇ ਗਿਰਝਾਂ ਉਸ ਦੀ ਲਾਸ਼ ਨੂੰ ਚਰੂੰਡ ਸਕਣ ਅਤੇ ਵਜ਼ੀਰ ਖਾਂ ਦੇ ਸਮੂਹ ਚਹੇਤਿਆਂ ਦਾ ਸਰਬੰਸ ਦਾ ਨਾਸ਼ ਹੀ ਕਰ ਛੱਡਿਆ। ਇਕ ਵਿਸ਼ਾਲ ਸਿੱਖ ਸਾਮਰਾਜ ਦੀ ਨੀਂਹ ਰੱਖੀ। ਇਕ ਅਣਸਿਖਿਅਕ ਫੌਜ ਨੇ ਸਿਖਿਅਤ ਫੌਜ ਉੱਤੇ ਜਿੱਤ ਹਾਸਲ ਕੀਤੀ।



# ਸਾਕਾ ਛੋਟਾ ਘੱਲੂਘਾਰਾ

ਜ਼ਕਰੀਆ ਖਾਂ ਦੀ ਜਿਸ ਦੀ ਮੌਤ 1 ਜੁਲਾਈ 1745 ਈ. ਨੂੰ ਹੋਈ ਉਸ ਨੇ ਆਪਣੇ ਹੁੰਦਿਆਂ ਸਿੱਖਾਂ ਉੱਤੇ ਬਹੁਤ ਅਤਿਆਚਾਰ ਕੀਤੇ। ਲੱਗਪਗ 10, 000 ਤੋਂ ਵੱਧ ਸਿੱਖਾਂ ਨੂੰ ਉਸ ਨੇ ਸ਼ਹੀਦ ਕਰ ਦਿੱਤਾ। ਪ੍ਰੰਤੂ ਫਿਰ ਵੀ ਸਿੱਖ ਡੋਲੇ ਨਹੀਂ। ਇਨ੍ਹਾਂ ਦੀ ਸ਼ਕਤੀ ਦਿਨੋ ਦਿਨ ਵੱਧਦੀ ਚਲੀ ਗਈ। ਉਸ ਦੀ ਮੌਤ ਤੋਂ ਬਾਅਦ ਲਾਹੌਰ ਦੀ ਸੂਬੇਦਾਰੀ ਪ੍ਰਾਪਤ ਕਰਨ ਲਈ ਉਸ ਦੇ ਦੋ ਪੁੱਤਰਾਂ ਯਾਹੀਆ ਖਾਂ ਅਤੇ ਸ਼ਾਹ ਨਿਵਾਜਖਾਂ ਵਿੱਚ ਯੁੱਧ ਆਰੰਭ ਹੋ ਗਿਆ। ਜਿਸ ਵਿੱਚ ਯਹੀਆਂ ਖਾਂ 1746 ਈ. ਵਿੱਚ ਲਾਹੌਰ ਦਾ ਸੂਬੇਦਾਰ ਬਣਨ ਵਿੱਚ ਕਾਮਯਾਬ ਹੋ ਗਿਆ। ਉਸ ਨੇ 1746 ਈ: ਵਿੱਚ ਇਹ ਕਮਾਨ ਸੰਭਾਲੀ।

ਉਸ ਸਮੇਂ ਸਿੱਖ ਆਪਣੀਆਂ ਛਾਪਾਮਾਰ ਚਾਲਾਂ ਰਾਹੀਂ ਦੁਸ਼ਮਣ ਨੂੰ ਭਤੜਥੂ ਪਾ ਰਹੇ ਸਨ। ਸਿੱਖਾਂ ਨੂੰ ਜਿਹੜੇ ਮੁਕੱਦਮ ਹਕੂਮਤ ਕੋਲ ਫੜਾ ਕੇ ਇਨਾਮ ਪ੍ਰਾਪਤ ਕਰ ਰਹੇ ਸਨ ਉਨ੍ਹਾਂ ਦੀਆਂ ਸੂਚੀਆਂ ਤਿਆਰ ਹੋ ਗਈਆਂ ਸਨ। ਸਿੱਖ ਉਸ ਦੇ ਅਨੁਸਾਰ ਇਨ੍ਹਾਂ ਮੁਕੱਦਮਾਂ ਦੀ ਭੁਗਤ ਸਵਾਰਨ ਵਿੱਚ ਲੱਗੇ ਹੋਏ ਸਨ। ਜਲੰਧਰ, ਫਗਵਾੜਾ, ਬਟਾਲਾ ਅਤੇ ਬਜਵਾੜਾ ਵਿੱਚ ਸ਼ਰ੍ਹੇਆਮ ਲੁੱਟਾਂ ਹੋ ਰਹੀਆ ਸਨ।

ਜਸਪਤ ਰਾਏ ਜੋ ਇਕ ਦੀਵਾਨ ਸੀ ਉਸ ਨੇ ਸਿੱਖਾਂ ਉੱਤੇ ਆਪਣੇ ਸੈਨਕਾਂ ਨਾਲ ਹਮਲਾ ਕੀਤਾ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਇਕ ਰੰਘਰੇਟੇ ਸਿੱਖ ਨੇ ਜਸਪਤ ਰਾਏ ਦਾ ਸਿਰ ਵੱਢ ਦਿੱਤਾ। ਇਹ ਘਟਨਾ ਮਾਰਚ 1746 ਦੀ ਹੈ। ਉਸ ਦਾ ਭਰਾ ਦੀਵਾਨ ਲਖਪਤ ਰਾਏ ਇਸ ਦਾ ਬਦਲਾ ਲੈਣ ਲਈ ਲਾਹੌਰ ਦੇ ਸੂਬੇਦਾਰ ਯਾਹੀਆ ਖਾਂ ਕੋਲ ਪੁੱਜਿਆ ਅਤੇ ਉਸ ਨੇ ਸੌਂਹ ਖਾਧੀ ਕਿ ਓਨੀ ਦੇਰ ਉਹ ਸਿਰ ਤੇ ਪੱਗ ਨਹੀਂ ਰੱਖੇਗਾ ਜਦ ਤਕ ਇਨ੍ਹਾਂ ਸਿੱਖਾਂ ਦੀ ਸ਼ਕਤੀ ਨੂੰ ਨਹੀਂ ਦਬਾ ਦਿੰਦਾ। ਉਸ ਨੇ ਲਾਹੌਰ ਵਿੱਚ ਰਹਿਣ ਵਾਲੇ ਬਹੁਤ ਸਾਰੇ ਸਿੱਖਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਬੜੀ ਬੇਰਹਿਮੀ ਨਾਲ ਕਤਲ ਕਰਵਾ ਦਿੱਤਾ। ਇਹ ਘਟਨਾ 10 ਮਾਰਚ 1746 ਈ. ਦੀ ਹੈ। ਸਿੰਘਾਂ ਉੱਤੇ ਜ਼ੁਲਮਾਂ ਦੀ ਦਾਸਤਾਨ ਤੇਜ਼ ਹੋ ਗਈ। ਕਵੀ ਇਸ ਸੰਬੰਧੀ ਏਵੇਂ ਲਿਖਦਾ ਹੈ :

## ਯਾਹੀਆ ਖਾਂ ਦੀ ਮੁਹਿੰਮ

ਬਿਨਾ ਕਸੂਰੋਂ ਸਿੰਘਾਂ ਨੂੰ ਯਾਹੀਆਂ ਖਾਂ ਮਾਰ ਰਿਹਾ।
ਘਰ ਘਰ ਲੁੱਟੀ ਜਾਂਦਾ ਤੇ ਅੱਗਾਂ ਲਾ ਸਾੜ ਰਿਹਾ।

..........................................................................................

ਸਿੰਘਾਂ ਉਤੇ ਮੁਸੀਬਤ ਦੇ ਹੜ੍ਹ ਉਸ ਵਗਾ ਦਿੱਤੇ।
ਘਰ ਘਰ ਵਿੱਚ ਸਿੰਘਾਂ ਦੇ ਸਿਰ ਦੇ ਮੁੱਲ ਪੁਆ ਦਿੱਤੇ।

ਸਿੰਘਾਂ ਦੀ ਗ਼ੈਰਤ ਨੂੰ ਅੱਜ ਉਹ ਕਿੰਵ ਲਕਾਰ ਰਿਹਾ।
ਬਿਨਾਂ ਕਸੂਰੋਂ ਸਿੰਘਾਂ ਨੂੰ...................।
ਕਹਿੰਦਾ ਕਾਨ੍ਹੋਵਾਨ ਦੀ ਧਰਤੀ ਸਾਫ ਕਰਾ ਦੇਣੀ।
ਸਿੰਘਾਂ ਦੀ ਇਸ ਧਰਤ ਉਤੋਂ, ਤਾਂ ਅਲਖ ਮੁਕਾ ਦੇਣੀ।
ਮਿਲ ਜਾਂਦਾ ਜੇ ਸਿੰਘ ਕੋਈ, ਜੇਲ੍ਹਾਂ ਵਿੱਚ ਖਲ੍ਹਿਆਰ ਰਿਹਾ।
ਬਿਨਾਂ ਕਸੂਰੋਂ ਸਿੰਘਾਂ ਨੂੰ...................।
ਕੁਝ ਸਿੰਘ ਲੁਕੇ ਪਹਾੜੀਂ ਜਾ ਕੁਝ ਜੰਗਲੀਂ ਧਾਉਣ ਲੱਗੇ।
ਜਬਰ ਜ਼ੁਲਮ ਤੋਂ ਬਚਣੇ ਦੀ ਤਰਤੀਬ ਬਨਾਉਣ ਲਗੇ।
ਪਿੰਡਾਂ ਵਿੱਚ ਤਦ ਸਿੰਘਾਂ ਦਾ ਨਾਂਹ ਕੋਈ ਪਰਵਾਰ ਰਿਹਾ।
ਬਿਨਾਂ ਕਸੂਰੋਂ ਸਿੰਘਾਂ ਨੂੰ...................।
ਘਰ ਘਾਟਾਂ ਨੂੰ ਛੱਡਕੇ ਸਭ ਸਿੱਖ ਜੰਗਲੀਂ ਧਾਏ ਤਦ।
ਕਾਨ੍ਹੋਵਾਨ ਦੇ ਜੰਗਲਾਂ ਦੇ ਵਿੱਚ ਡੇਰੇ ਲਾਏ ਤਦ।
ਜ਼ਾਲਮ ਅੱਜ ਸਿੰਘਾਂ ਦੀ ਕਿੰਵ ਸੀ ਭੁਗਤ ਸੁਆਰ ਰਿਹਾ।
ਬਿਨਾਂ ਕਸੂਰੋਂ ਸਿੰਘਾਂ ਨੂੰ...................।
ਦਿਨ ਵੇਲੇ ਤਾਂ ਯਾਹੀਆ ਕਈ ਸਿੰਘਾਂ ਨੂੰ ਸੀ ਫੜਦਾ।
ਰਾਤਾਂ ਨੂੰ ਸਿੰਘਾਂ ਤੋਂ ਡਰਦਾ ਅੰਦਰ ਸੀ ਵੜਦਾ।
ਲਾਡਪੁਰੀ ਸਿੰਘਾਂ ਨੂੰ ਅੱਜ ਉਹ ਕਿਵੇਂ ਉਜਾੜ ਰਿਹਾ।
ਬਿਨਾਂ ਕਸੂਰੋਂ ਸਿੰਘਾਂ ਨੂੰ...................।

ਸਿੱਖਾਂ ਦੇ ਧਰਮ ਗ੍ਰੰਥ ਪੜ੍ਹਨ ਉੱਤੇ ਪਾਬੰਦੀ ਲਾ ਦਿੱਤੀ ਗਈ। ਗੁਰੂ ਸ਼ਬਦ ਦੀ ਮਨਾਹੀ ਕਰ ਦਿੱਤੀ ਗਈ। ਗੁਰੂ ਗ੍ਰੰਥ ਸਾਹਿਬ ਦੀ ਥਾਂ ਲੋਕਾਂ ਨੂੰ ਕਿਹਾ ਕਿ ਉਹ ਪੋਥੀ ਸ਼ਬਦ ਦੀ ਵਰਤੋਂ ਕਰਨ। ਗੁੜ ਸ਼ਬਦ ਦੀ ਥਾਂ ਰੋੜੀ ਕਹਿਣ। ਉਸ ਨੇ ਆਦਿ ਗ੍ਰੰਥ ਸਾਹਿਬ ਦੀਆਂ ਬਹੁਤ ਸਾਰੀਆਂ ਬੀੜਾਂ ਨੂੰ ਨਸ਼ਟ ਕਰਵਾ ਦਿੱਤਾ।

ਯਾਹੀਆ ਖ਼ਾਨ ਅਤੇ ਲੱਖਪਤ ਰਾਏ ਨੇ ਮਿਲ ਕੇ ਇਕ ਵੱਡੀ ਸੈਨਾ ਸਿੱਖਾਂ ਦੀ ਸ਼ਕਤੀ ਨੂੰ ਕੁਚਲਣ ਲਈ ਬਣਾਈ। ਉਨ੍ਹਾਂ ਨੂੰ ਇਸ ਗੱਲ ਦੀ ਭਿਣਖ ਲੱਗ ਗਈ ਕਿ ਕਾਹਨੂੰਵਾਨ ਦੇ ਜੰਗਲਾਂ ਵਿੱਚ ਬਹੁਤ ਸਾਰੇ ਸਿੱਖ ਲੁਕੇ ਹੋਏ ਹਨ। ਉਸ ਨੇ ਵਿਸ਼ਾਲ ਸੈਨਾਂ ਨਾਲ ਪੂਰੇ ਇਲਾਕੇ ਨੂੰ ਚਾਰੇ ਪਾਸੇ ਤੋਂਘੇਰ ਲਿਆ ਇਸ ਸੰਬੰਧੀ ਕਵੀ ਇੰਝ ਲਿਖਦਾ ਹੈ :-

## ਯਾਹੀਆ ਖਾਂ ਦਾ ਪੰਜਾਬ ਆਉਣਾ

ਰੋਕ ਨਾਂ ਸਕਿਆ ਜ਼ਕਰੀਆ ਖਾਂ ਸਿੰਘਾਂ ਦੇ ਕਾਰੇ।



ਮੌਤ ਉਸਦੀ ਪਿੱਛੋਂ ਬੈਠਾ ਯਾਹੀਆ ਖਾਂ ਤਦ,
ਕਈ ਮੁਕੱਦਮ ਸਿੰਘਾਂ ਨੇ ਸਨ ਪਾਰ ਉਤਾਰੇ।
ਲੱਖਪਤ ਰਾਏ ਨੂੰ ਨਾਲ ਲੈ ਕੇ ਤੁਰਿਆ ਉਹ ਤਾਂ,
ਕਾਨ੍ਹੋਵਾਨ ਉਹ ਪੁੱਜ ਗਿਆ ਲੈ ਸ਼ਸ਼ਤਰ ਭਾਰੇ।
ਪਿੰਡਾਂ ਵਿੱਚ ਉਸ ਸਿੰਘਾਂ ਦੇ ਘਰ ਘਾਟ ਉਜਾੜੇ,
ਜਿਉਂਦੇ ਜੋ ਸਿੰਘ ਲੱਭ ਗਏ ਜੇਲ੍ਹਾਂ ਵਿੱਚ ਵਾੜੇ।
ਕਹਿੰਦਾ ਸਿੰਘ ਨਹੀਂ ਲੱਭਣੇ ਹੁਣ ਵਿੱਚ ਪੰਜਾਬੇ,
ਵੇਖਾਂਗਾ ਹੁਣ ਸਿੰਘ ਦੌੜ ਕੇ ਕਿੱਧਰ ਜਾਊ।
ਫੂਕ ਦਿਆਂਗਾ ਇਨ੍ਹਾਂ ਦੇ ਘਰ ਘਾਟ ਮੈਂ ਸਾਰੇ,
ਦਸਮ ਪਿਤਾ ਦਾ ਕੋਈ ਨਾਂਹ ਹੁਣ ਸਿੰਘ ਕਹਾਊ।
ਹੁਕਮ ਕੀਤਾ ਕਿ ਪਿੰਡ ਪਿੰਡ ਜਾ ਡੇਰੇ ਲਾਓ,
ਪਿੰਡ ਪਿੰਡ ਜਾ ਕੇ ਸਿੰਘਾਂ ਦਾ ਪੁੱਛੋ ਸਿਰਨਾਵਾਂ।
ਜੋ ਵੀ ਕੋਈ ਸਿੰਘਾਂ ਦੀ ਸੂਹ ਦੱਸੇ ਆ ਕੇ,
ਮੂੰਹ ਮੰਗੇ ਇਨਾਮ ਉਨ੍ਹਾਂ ਨੂੰ ਆਪ ਦੁਆਵਾਂ।
ਗਰਮ ਹਵਾਵਾਂ ਵਗੀਆਂ ਪਿੰਡਾਂ ਵੱਲ ਧਾਈਆਂ।
ਸਿੰਘਾਂ ਦੀਆਂ ਵਹੀਰਾਂ ਘੱਤ ਜੰਗਲਾਂ ਵੱਲ ਆਈਆਂ।
ਜ਼ੁਲਮ ਹਨੇਰੀ ਚੱਲ ਪਈ ਸਿੰਘਾਂ ਦੇ ਸਿਰ ਤੇ,
ਪੱਤਾ ਪੱਤਾ ਬਣ ਗਿਆ ਸਿੰਘਾਂ ਦਾ ਵੈਰੀ।
ਪਿੱਠੂ ਕਈ ਸਰਕਾਰ ਦੇ ਪਿੰਡਾਂ ਵਿੱਚ ਬਣ ਗਏ,
ਹਰ ਕੋਈ ਸਿੰਘ ਵਲ ਤੱਕਦਾ ਅੱਖ ਕਰਕੇ ਕੈਰੀ।
ਚਸਕਾ ਪੈ ਗਿਆ ਲੋਕਾਂ ਨੂੰ ਇਨਾਮ ਲੈਣ ਦਾ,
ਪਿੰਡਾਂ ਦੇ ਵਿੱਚ ਆ ਗਈ ਫੁੱਟ ਦੀ ਬੀਮਾਰੀ।
ਹਰ ਪੰਜਾਬੀ ਯਾਹੀਆ ਖਾਂ ਤੋਂ ਤਦ ਸੀ ਡਰਦਾ।
ਲਾਡਪੁਰੀ ਸਿੰਘਾਂ ਦੀ ਨਾਂਹ ਕੋਈ ਹਾਮੀ ਭਰਦਾ।

ਮਈ 1746 ਈ. ਦੀ ਇਹ ਬੜੀ ਦੁਖਦਾਈ ਘਟਨਾ ਹੈ ਜਦੋਂ ਕਿ ਯਾਹੀਆ ਖਾਂ ਅਤੇ ਲਖਪਤ ਰਾਏ ਦੀਆਂ ਫੌਜਾਂ ਨੇ ਕਾਹਨੂਵਾਨ ਦੇ ਜੰਗਲਾਂ ਦੇ ਚਾਰ ਚੁਫੇਰੇ ਘੇਰਾ ਪਾਇਆ ਹੋਇਆ ਸੀ। ਏਥੇ ਕੋਈ ਉਸ ਵੇਲੇ 15000 ਦੇ ਕਰੀਬ ਸਿੰਘ ਸਨ। ਇਹ ਫੌਜੀ ਜੰਗਲਾਂ ਦੇ ਅੰਦਰੀਂ ਵੜ ਕੇ ਲੱਗੇ ਸਿੰਘ ਦਾ ਸ਼ਿਕਾਰ ਕਰਨ। ਸਿੰਘਾਂ ਨੇ ਅੱਗੋਂ ਜੈਕਾਰੇ ਛੱਡੇ ਅਤੇ ਲੱਗੇ ਤੀਰ ਚਲਣ, ਕਿਰਪਾਨਾਂ ਖੜਕੀਆਂ ਅਤੇ ਨੇਜ਼ੇ ਚਲੇ। ਇਸ ਸਾਰੀ ਘਟਨਾ ਦਾ ਕਵੀ ਇੰਝ

ਬਿਆਨ ਕਰਦਾ ਹੈ:

## ਛੋਟਾ ਘੱਲੂਘਾਰਾ

ਕਾਹਨੋਵਾਨ ਦੇ ਜੰਗਲ ਜਦ ਲੁਕ ਗਏ ਸਨ ਸਿੰਘ ਬਥੇਰੇ।
ਘੇਰਾ ਪਾਇਆ ਯਾਹੀਆ ਖਾਂ ਜੰਗਲ ਦੇ ਚਾਰ ਚੁਫੇਰੇ।

..........................................................................................

ਦੁਸ਼ਮਣ ਜਦ ਘੇਰਾ ਪਾਇਆ, ਸਿੰਘਾਂ ਨੇ ਤੀਰ ਚਲਾਏ।
ਮੁਗਲਾਂ ਦੀ ਰੱਤ ਦੇ ਸਿੰਘਾਂ, ਤਦ ਚੰਗੇ ਰੇੜ੍ਹ ਵਗਾਏ।
ਸਿੰਘਾਂ ਦੇ, ਘੇਰੇ ਦੇ ਵਿੱਚ ਵੇਖਣ ਵਾਲੇ ਸਨ ਜੇਰੇ।
ਘੇਰਾ ਪਾਇਆ......................।

ਜ਼ਾਲਮ ਫੌਜਾਂ ਨੂੰ ਸਿੰਘਾਂ ਨੇ ਪਲ ਵਿੱਚ ਭੜਥੂ ਪਾਏ।
ਵੈਰੀ ਦੇ ਤਦ ਸਿੰਘਾਂ ਨੇ ਸਨ ਤੁੰਬੇ ਖੂਬ ਉਡਾਏ।
ਜ਼ਾਲਮ ਆਖਣ ਕਾਹਨੂੰ ਸਿੰਘਾਂ ਦੇ ਵੜ ਗਏ ਅੱਜ ਵਿਹੜੇ।
ਘੇਰਾ ਪਾਇਆ......................।

ਯੁੱਧ ਹੋਇਆ ਘਮਸਾਣ ਦਾ, ਵੈਰੀ ਦੁੰਮ ਭਜਾ ਕੇ ਦੌੜੇ।
ਸਿੰਘਾਂ ਨੇ ਵੈਰੀ ਦੇ ਲਹੂ ਸਨ, ਨਿੰਬੂਆਂ ਵਾਂਗ ਨਚੋੜੇ।
ਅੱਜ ਸਿਦਕ ਤੇ ਜ਼ੁਲਮ ਦੇ ਵੇਖੋ ਹੁੰਦੇ ਕਿਵੇਂ ਨਬੇੜੇ।
ਘੇਰਾ ਪਾਇਆ......................।

ਭਾਜੜ ਪੈ ਗਈ ਫੌਜ ਨੂੰ, ਯਾਹੀਏ ਦਾ ਨਾਂਹ ਚਲਿਆ ਚਾਰਾ।
ਕਹਿੰਦਾ ਅੱਗਾਂ ਲਾ ਦਿਓ, ਜੰਗਲ ਪੱਧਰਾ ਕਰ ਦਿਓ ਸਾਰਾ।
ਅੱਗਾਂ ਲੱਗੀਆਂ ਬੱਦਲ-ਧੂੰਏਂ, ਨੇ ਤਾਂ ਪਾਏ ਹਨੇਰੇ।
ਘੇਰਾ ਪਾਇਆ......................।

ਭੁੱਲ ਗਈ ਸੁਰਤ ਸੀ ਤਦ ਸਿੰਘਾਂ ਦੀ, ਵੱਲ ਕਠੂਏ ਦੌੜੇ।
ਦਸ ਹਜ਼ਾਰ ਸਿੰਘਾਂ ਦੇ ਵਿੱਚੋਂ ਅੱਜ ਤਕ ਕੋਈ ਨ ਬਹੁੜੇ।
ਘੱਲੂਘਾਰਾ ਲਾਡਪੁਰੀ ਅੱਜ ਦੁੱਖ ਦੇ ਹੰਝੂ ਕੇਰੇ।
ਘੇਰਾ ਪਾਇਆ......................।

ਲਗਪਗ 5000 ਸਿੱਖ ਇਸ ਘੇਰੇ ਵਿਚੋਂ ਨਿਕਲਣ ਵਿੱਚ ਕਾਮਯਾਬ ਹੋ ਗਏ। 7000 ਦੇ ਕਰੀਬ ਜੰਗਲਾਂ ਵਿੱਚ ਅੱਗਾਂ ਲੱਗਣ ਕਾਰਣ ਵਿੱਚ ਹੀ ਸੜ ਗਏ ਅਤੇ ਕਈ ਲੜਦੇ ਹੋਏ ਸ਼ਹੀਦੀਆਂ ਪਾ ਗਏ। ਜਿਹੜੇ ਸਿੱਖ ਬਚ ਕੇ ਬਸੌਲੀ ਦੀਆਂ ਪਹਾੜੀਆਂ ਵੱਲ ਗਏ ਉਹ ਇਕ ਪਾਸੇ ਤਾਂ ਮੁਗਲਾਂ ਦੀ ਫੌਜ ਦੂਜੇ ਪਾਸੇ ਪਹਾੜੀ ਰਾਜਿਆਂ ਦੀ ਫੌਜ ਜੋ ਪਹਿਲਾਂ



ਹੀ ਸਿੰਘਾਂ ਦੇ ਵਿਰੁੱਧ ਸਨ, ਉਨ੍ਹਾਂ ਵਿੱਚ ਘਿਰ ਗਏ। ਰਸਦ ਉਨ੍ਹਾਂ ਪਾਸ ਉੱਕੀ ਨਹੀਂ ਸੀ। ਘੋੜਿਆਂ ਦਾ ਵੀ ਭੁੱਖਾਂ ਨਾਲ ਬੁਰਾ ਹਾਲ ਸੀ। ਕੋਈ 3000 ਦੇ ਕਰੀਬ ਸਿੰਘਾਂ ਨੂੰ ਉਹ ਫੜਨ ਵਿੱਚ ਕਾਮਯਾਬ ਹੋ ਗਏ ਜਿਨ੍ਹਾਂ ਨੂੰ ਯਾਹੀਆ ਖਾਂ ਨੇ ਲਾਹੌਰ ਲੈ ਜਾ ਕੇ ਸ਼ਹੀਦ ਕਰਵਾ ਦਿੱਤਾ। ਸੋ ਇਸ ਘੱਲੂਘਾਰੇ ਦੀ ਯਾਦ ਸ਼ਦੀਵੀ ਤੌਰ ਤੇ ਭਾਰਤ ਨੂੰ ਯਾਦ ਕਰਾਂਉਂਦੀ ਰਹੇਗੀ ਕਿ ਕਿੰਞ ਦੇਸ਼ ਦੀ ਆਜ਼ਾਦੀ ਲਈ ਇਨ੍ਹਾਂ ਸੂਰਬੀਰਾਂ ਨੇ ਆਪਣੀਆਂ ਜਾਨਾਂ ਹੱਸ ਹੱਸ ਕੇ ਦੇਸ਼ ਤੇ ਕੌਮ ਦੀ ਖ਼ਾਤਰ ਕੁਰਬਾਨ ਕਰ ਦਿੱਤੀ। ਸਾਡੇ ਸਾਰਿਆਂ ਲਈ ਇਹ ਘੱਲੂਘਾਰਾ ਇਕ ਪ੍ਰੇਰਣਾ ਦਾ ਸਰੋਤ ਹੈ। ਸਾਨੂੰ ਆਪਣੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਕਾਰਨਾਮਿਆਂ ਨੂੰ ਨਹੀਂ ਭੁੱਲਣਾ ਚਾਹੀਦਾ। ਸਭ ਸਿੱਖਾਂ ਨੂੰ, ਵੇਲਾ ਆ ਗਿਆ ਹੈ ਕਿ ਆਪਣੀ ਇਸ ਵਿਰਾਸਤ ਨੂੰ ਨਹੀਂ ਭੁੱਲਣਾ ਚਾਹੀਦਾ । ਇਸ ਦਾ ਮਾਣ ਕਰਦੇ ਹੋਏ ਆਉ ਸਾਰੇ ਆਪਣੇ ਐਬਾਂ ਨੂੰ ਭੁਲਾ ਕੇ ਗੁਰੂ ਦੀ ਸ਼ਰਨ ਵਿੱਚ ਆ ਕੇ ਅੰਮ੍ਰਿਤਪਾਨ ਕਰੀਏ ਅਤੇ ਗੁਰੂ ਵਾਲੇ ਬਣੀਏ ਤਾਂ ਹੀ ਅਸੀਂ ਇਨ੍ਹਾਂ ਸ਼ਹੀਦਾਂ ਦੀ ਆਤਮਾਂ ਨੂੰ ਸ਼ਾਂਤ ਕਰ ਸਕਾਂਗੇ। ਕਵੀ ਸਮੂਹ ਸਿੰਘਾਂ ਨੂੰ ਏਵੇਂ ਪ੍ਰੇਰਣਾ ਦਿੰਦਾ ਹੈ :

## ਪ੍ਰੇਰਣਾ .............

ਧੰਨ ਸਿੰਘਾਂ ਦੀ ਧੰਨ ਕਮਾਈ, ਯਾਦ ਕਰੋ ਮਿਲ ਸਾਰੇ।
ਭੁੱਲ ਕੇ ਨਾਂਹ ਭੁੱਲੀਏ, ਕਦੀ ਉਨ੍ਹਾਂ ਦੇ ਕਾਰੇ।

..........................................................................................

ਦਸਮ ਪਿਤਾ ਤੋਂ ਸਭ ਨੇ ਆਪਾਂ ਗੁਣ ਵਿਰਸੇ ਵਿੱਚ ਪਾਇਆ।
ਅੰਮ੍ਰਿਤ ਦਾ ਪਾਹੁਲ ਦੇ ਸਾਨੂੰ ਗਿੱਦੜੋਂ ਸ਼ੇਰ ਬਣਾਇਆ।
ਪੰਜ ਕਕਾਰਾਂ ਦੇ ਗਫ਼ੇ ਉਸ ਵੰਡੇ ਅਜਬ ਨਿਆਰੇ।
ਭੁੱਲ ਕੇ ਨਾਂਹ......................।

ਤਿੰਨ ਸੌ ਸਾਲਾਂ ਦੇ ਵਿੱਚ ਹੀ, ਅਸੀਂ ਅੱਜ ਕਿੱਧਰ ਨੂੰ ਜਾਂਦੇ।
ਪੰਜੇ ਰਹਿਤਾਂ ਭੁੱਲ ਕੇ ਅੱਜ, ਦਾੜ੍ਹੀ ਤੇ ਕੇਸ ਕਟਾਂਦੇ।
ਨਸ਼ਿਆਂ ਨੇ ਸਾਡੇ ਇਹ ਗੱਭਰੂ ਕਿੰਨੇ ਕਰਤੇ ਮਾੜੇ।
ਭੁੱਲ ਕੇ ਨਾਂਹ......................।

ਹੱਕ ਪਰਾਏ ਉੱਤੇ ਭੁੱਲ ਕੇ ਡਾਕਾ ਕਦੀ ਨਾਂਹ ਲਾਈਏ।
ਪਰ-ਨਾਰੀ ਨੂੰ ਭੈਣ ਸਮਝ ਕੇ ਇੱਜ਼ਤ ਉਹਦੀ ਬਚਾਈਏ।
ਸਭਨਾ ਦੇ ਢਿੱਡ ਝੁਲਕਾ ਪਾਈਏ, ਲੰਗਰ ਲਾਈਏ ਭਾਰੇ।
ਭੁੱਲ ਕੇ ਨਾਂਹ......................।

ਕੰਮ ਕਾਰਾਂ ਤੋਂ ਵਿਹਲੇ ਹੋ ਸਭ ਘੱਲੂਘਾਰੇ ਆਵੋ।
ਯਾਦ ਸ਼ਹੀਦਾਂ ਨੂੰ ਕਰ ਲੌ, ਸ਼ਰਧਾ ਦੇ ਫੁੱਲ ਚੜ੍ਹਾਵੋ।
ਮਨ ਦੀ ਡੂੰਘਾਈ ਦੇ ਵਿੱਚ ਇੰਜ ਹੋ ਜਾਂਦੇ ਦੀਦਾਰੇ।
ਭੁੱਲ ਕੇ ਨਾਂਹ......................।
ਅੰਮ੍ਰਿਤ ਦਾ ਪਾਹੁਲ ਪੀ ਕੇ ਆਓ ਗੁਰੂ ਵਾਲੇ ਬਣ ਜਾਈਏ।
ਪਾ ਕੇ ਪਾਹੁਲ, ਦਸਮ ਪਿਤਾ ਦੇ ਮੁੜਕੇ ਸਿੰਘ ਕਹਾਈਏ।
ਚੜ੍ਹਦੀ ਕਲਾ 'ਚ ਲਾਡਪੁਰੀ ਰਹਿ, ਬਣ ਜਾਓ ਪੰਥ ਪਿਆਰੇ।
ਭੁੱਲ ਕੇ ਨਾਂਹ......................।